ਵਰਲਡ ਪੰਜਾਬੀ ਟਾਈਮਜ਼
WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com


Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ

Epaper World Punjabi Times 10 ਨਵੰਬਰ 2026 ਦਿਨ ਮੰਗਲਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼

ਗ਼ਜ਼ਲ ਮੰਚ ਸਰੀ ਵੱਲੋਂ ਪੰਜਾਬੀ ਸ਼ਾਇਰ ਰਾਜਦੀਪ ਤੂਰ ਨਾਲ ਵਿਸ਼ੇਸ਼ ਮਿਲਣੀ

ਵਰਲਡ ਪੰਜਾਬੀ ਟਾਈਮਜ਼
ਹਰਦਮ ਮਾਨ



ਸਰੀ, 10 ਨਵੰਬਰ : ਬੀਤੇ ਦਿਨ ਗ਼ਜ਼ਲ ਮੰਚ ਸਰੀ ਵੱਲੋਂ ਜਗਰਾਉਂ (ਪੰਜਾਬ) ਤੋਂ ਆਏ ਸ਼ਾਇਰ ਰਾਜਦੀਪ ਤੂਰ ਨਾਲ ਵਿਸ਼ੇਸ਼ ਮਿਲਣੀ ਕੀਤੀ ਗਈ। ਮੰਚ ਦੇ ਮੁੱਖ ਬੁਲਾਰੇ ਰਾਜਵੰਤ ਰਾਜ ਨੇ ਮੰਚ ਵੱਲੋਂ ਰਾਜਦੀਪ ਤੂਰ ਦਾ ਸਵਾਗਤ ਕੀਤਾ ਅਤੇ ਉਸ ਬਾਰੇ ਸੰਖੇਪ ਜਾਣਕਾਰੀ ਮੰਚ ਦੇ ਦੋਸਤਾਂ ਨਾਲ ਸਾਂਝੀ ਕੀਤੀ। ਰਾਜਵੰਤ ਨੇ ਦੱਸਿਆ ਕਿ ਲੁਧਿਆਣੇ ਜ਼ਿਲ੍ਹੇ ਦੇ ਪਿੰਡ ਸਵੱਦੀ ਕਲਾਂ ਦੇ ਜੰਮਪਲ ਰਾਜਦੀਪ ਤੂਰ ਨੂੰ ਲਿਖਣ ਦੀ ਚੇਟਕ ਆਪਣੇ ਪਿਤਾ ਤੋਂ ਲੱਗੀ। ਉਸ ਦੇ ਪਿਤਾ ਸਵ. ਰਾਜਿੰਦਰ ਸਿੰਘ ਰਾਜ਼ ਸਵੱਦੀ ਆਪਣੇ ਸਮੇਂ ਦੇ ਵਧੀਆ ਕਹਾਣੀ ਲੇਖਕ ਸਨ।

ਰਾਜਦੀਪ ਮੂਲ ਰੂਪ ਵਿੱਚ ਸੰਵੇਦਨਸ਼ੀਲ, ਮੁਹੱਬਤ ਦਾ ਹਾਮੀ, ਰਿਸ਼ਤਿਆਂ ਦੀ ਕਦਰ ਕਰਨ ਵਾਲਾ ਅਤੇ ਜ਼ਿੰਦਗੀ ਦੇ ਅਰਥਾਂ ਦੀ ਤਲਾਸ਼ ਵਿੱਚ ਰਹਿਣ ਵਾਲਾ ਸ਼ਾਇਰ ਹੈ। ਉਸ ਦੀ ਸ਼ਾਇਰੀ ਵਿੱਚ ਦਿਲ ਦੀ ਆਵਾਜ਼ ਵੀ ਹੈ ਅਤੇ ਜ਼ਿਹਨੀ ਦਸਤਕ ਵੀ। ਉਹ ਇੱਕ ਪਾਸੇ ਮਹਿਬੂਬ ਦੇ ਨੈਣਾਂ ਵਿੱਚੋਂ ਮੁਹੱਬਤ ਦੀ ਨਦੀ ਵਗਦੀ ਦੇਖਣਾ ਚਾਹੁੰਦਾ ਹੈ ਅਤੇ ਦੂਜੇ ਪਾਸੇ ਮਨੁੱਖ ਦੇ ਅੰਦਰੋਂ ਪਿਆਰ ਮਨਫ਼ੀ ਹੋ ਜਾਣ ਦੇ ਖ਼ਤਰੇ ਤੋਂ ਚਿੰਤਤ ਹੈ। ਰਾਜਦੀਪ ਉਹ ਸ਼ਾਇਰ ਹੈ ਜੋ ਮੁਹੱਬਤ ਨੂੰ ਸਿਰਫ਼ ਦਿਲ ਦਾ ਜਜ਼ਬਾ ਨਹੀਂ, ਸਗੋਂ ਮਨੁੱਖੀ ਹੋਂਦ ਦੀ ਬੁਨਿਆਦੀ ਲੋੜ ਮੰਨਦਾ ਹੈ। ਉਸ ਦੀ ਕਲਮ ਵਿਚ ਵਿਛੋੜੇ ਦੀ ਤੜਪ ਵੀ ਹੈ ਅਤੇ ਮਨੁੱਖਤਾ ਲਈ ਇਕ ਸੁਹਣੇ ਸੰਸਾਰ ਦੀ ਕਾਮਨਾ ਵੀ। ਉਸ ਦਾ ਇੱਕ ਗਜ਼ਲ ਸੰਗ੍ਰਹਿ 'ਰੂਹ ਵੇਲਾ' ਪ੍ਰਕਾਸ਼ਿਤ ਹੋ ਚੁੱਕਿਆ ਹੈ। ਇਹ ਗਜ਼ਲ ਸੰਗ੍ਰਹਿ ਸ਼ਾਹਮੁਖੀ ਵਿੱਚ ਵੀ ਛਪ ਚੁੱਕਿਆ ਹੈ।

ਰਾਜਦੀਪ ਨੇ ਦੱਸਿਆ ਕਿ ਪੰਜਾਬ ਦੇ ਸਾਹਿਤਿਕ ਹਲਕਿਆਂ ਵਿੱਚ ਗ਼ਜ਼ਲ ਮੰਚ ਸਰੀ ਦੀ ਗੂੜ੍ਹੀ ਪਛਾਣ ਬਣ ਚੁੱਕੀ ਹੈ ਅਤੇ ਵਿਸ਼ੇਸ਼ ਕਰਕੇ ਪੰਜਾਬੀ ਗ਼ਜ਼ਲਗੋ ਇਸ ਸੰਸਥਾ ਦੀਆਂ ਸਰਗਰਮੀਆਂ ਅਤੇ ਇਸ ਦੇ ਸ਼ਾਇਰਾਂ ਤੋਂ ਬੇਹੱਦ ਪ੍ਰਭਾਵਿਤ ਹੋ ਰਹੇ ਹਨ। ਉਸ ਨੇ ਆਪਣੀਆਂ ਕੁਝ ਖੂਬਸੂਰਤ ਗ਼ਜ਼ਲਾਂ ਦੀ ਪੇਸ਼ਕਾਰੀ ਰਾਹੀਂ ਮੰਚ ਦੇ ਸ਼ਾਇਰਾਂ ਦੀ ਖੂਬ ਦਾਦ ਹਾਸਲ ਕੀਤੀ। ਇਸ ਮੌਕੇ ਗਜ਼ਲ ਮੰਚ ਦੇ ਮੈਂਬਰਾਂ ਵੱਲੋਂ ਰਾਜਦੀਪ ਦੇ ਦਾਦਾ ਗਿਆਨੀ ਬੀਰ ਸਿੰਘ ਸਵੱਦੀ (ਜੋ ਭਾਰਤੀ ਆਜ਼ਾਦੀ ਦੇ ਕੌਮੀ ਪਰਵਾਨੇ ਸਨ) ਬਾਰੇ ਪ੍ਰਕਾਸ਼ਿਤ ਪੁਸਤਕ ਰਿਲੀਜ਼ ਕੀਤੀ ਗਈ। ਇਸ ਵਿਸ਼ੇਸ਼ ਬੈਠਕ ਦੌਰਾਨ ਗ਼ਜ਼ਲ ਮੰਚ ਦੇ ਪ੍ਰਧਾਨ ਜਸਵਿੰਦਰ, ਰਾਜਵੰਤ ਰਾਜ, ਦਵਿੰਦਰ ਗੌਤਮ, ਹਰਦਮ ਸਿੰਘ ਮਾਨ, ਪ੍ਰੀਤ ਮਨਪ੍ਰੀਤ ਅਤੇ ਦਸ਼ਮੇਸ਼ ਗਿੱਲ ਫਿਰੋਜ਼ ਮੌਜੂਦ ਸਨ।

ਸੇਵਾਮੁਕਤ ਮੁੱਖ ਅਧਿਆਪਕ ਗੇਜ ਰਾਮ ਭੌਰਾ ਨੂੰ ਜਨਮ ਦਿਨ ਮੌਕੇ ਸੁਪਨਦੀਪ ਯਾਦਗਾਰੀ ਲਾਇਬ੍ਰੇਰੀ ਵਿਖੇ ਕੀਤਾ ਸਨਮਾਨਿਤ

ਦੀਵਾਲੀ ਦੀਆਂ ਖੁਸ਼ੀਆਂ ਸਾਂਝੀਆਂ ਕਰਦਿਆਂ ਗੁਰਮੁੱਖ ਸਿੰਘ ਸਿੱਧੂ ਅਤੇ ਪ੍ਰੋ. ਦਵਿੰਦਰ ਕੌਰ ਸਿੱਧੂ ਨੇ ਦਿੱਤਾ ਮਾਣ-ਸਨਮਾਨ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ



ਕੋਟਕਪੂਰਾ/ਫਰੀਦਕੋਟ, 10 ਨਵੰਬਰ : ਨੇੜਲੇ ਪਿੰਡ ਹਰੀ ਨੌਂ ਵਿਖੇ ਸਥਾਪਿਤ ਸੁਪਨਦੀਪ ਯਾਦਗਾਰੀ ਲਾਇਬ੍ਰੇਰੀ ਵਿਖੇ ਸੇਵਾਮੁਕਤ ਮੁੱਖ ਅਧਿਆਪਕ ਗੇਜ ਰਾਮ ਭੌਰਾ ਦੇ ਜਨਮ ਦਿਨ ਮੌਕੇ ਇੱਕ ਸਾਦਾ ਪਰ ਪ੍ਰਭਾਵਸ਼ਾਲੀ ਸਨਮਾਨ ਸਮਾਰੋਹ ਕਰਵਾਇਆ ਗਿਆ। ਇਸ ਮੌਕੇ ਦੀਵਾਲੀ ਦੇ ਤਿਉਹਾਰ ਦੀਆਂ ਖੁਸ਼ੀਆਂ ਸਾਂਝੀਆਂ ਕਰਦਿਆਂ ਲਾਇਬ੍ਰੇਰੀ ਦੇ ਸਾਬਕਾ ਮੈਨੇਜਰ ਗੁਰਮੁੱਖ ਸਿੰਘ ਸਿੱਧੂ ਅਤੇ ਲਾਇਬ੍ਰੇਰੀਅਨ ਪ੍ਰੋਫੈਸਰ ਦਵਿੰਦਰ ਕੌਰ ਸਿੱਧੂ ਵੱਲੋਂ ਗੇਜ ਰਾਮ ਭੌਰਾ ਨੂੰ ਸਨਮਾਨਿਤ ਕਰਕੇ ਉਨ੍ਹਾਂ ਦੇ ਜਨਮ ਦਿਨ ਦੀਆਂ ਮੁਬਾਰਕਾਂ ਦਿੱਤੀਆਂ ਗਈਆਂ। ਇਸ ਮੌਕੇ ਹਾਜ਼ਰ ਸ਼ਖ਼ਸੀਅਤਾਂ ਨੇ ਗੇਜ ਰਾਮ ਭੌਰਾ ਦੀਆਂ ਸਿੱਖਿਆ ਦੇ ਖੇਤਰ ਵਿੱਚ ਨਿਭਾਈਆਂ ਸੇਵਾਵਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਧਿਆਪਕ ਸਮਾਜ ਦੇ ਨਿਰਮਾਤਾ ਹੁੰਦੇ ਹਨ ਅਤੇ ਉਨ੍ਹਾਂ ਵੱਲੋਂ ਵਿਦਿਆਰਥੀਆਂ ਨੂੰ ਦਿੱਤੀ ਗਈ ਸਿੱਖਿਆ ਅਤੇ ਚੰਗੇ ਸੰਸਕਾਰ ਸਮਾਜ ਦੀ ਤਰੱਕੀ ਵਿੱਚ ਅਹਿਮ ਯੋਗਦਾਨ ਪਾਉਂਦੇ ਹਨ। ਉਨ੍ਹਾਂ ਕਿਹਾ ਕਿ ਅਜਿਹੀਆਂ ਸ਼ਖ਼ਸੀਅਤਾਂ ਦਾ ਸਨਮਾਨ ਕਰਨਾ ਸਾਡੇ ਲਈ ਮਾਣ ਵਾਲੀ ਗੱਲ ਹੈ। ਸਨਮਾਨ ਪ੍ਰਾਪਤ ਕਰਨ ਉਪਰੰਤ ਗੇਜ ਰਾਮ ਭੌਰਾ ਨੇ ਗੁਰਮੁੱਖ ਸਿੰਘ ਸਿੱਧੂ ਅਤੇ ਪ੍ਰੋ. ਦਵਿੰਦਰ ਕੌਰ ਸਿੱਧੂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕਰਦਿਆਂ ਕਿਹਾ ਕਿ ਜਨਮ ਦਿਨ ਦੇ ਮੌਕੇ ਮਿਲਿਆ ਇਹ ਪਿਆਰ ਅਤੇ ਸਤਿਕਾਰ ਉਨ੍ਹਾਂ ਲਈ ਯਾਦਗਾਰੀ ਹੈ। ਉਨ੍ਹਾਂ ਨੇ ਲਾਇਬ੍ਰੇਰੀ ਦੇ ਪ੍ਰਬੰਧਕਾਂ ਵੱਲੋਂ ਕੀਤੇ ਇਸ ਉਪਰਾਲੇ ਦੀ ਸ਼ਲਾਘਾ ਵੀ ਕੀਤੀ। ਇਸ ਮੌਕੇ ਗੁਰਤੇਜ ਕੌਰ ਨੂੰ ਵੀ ਜਨਮ ਦਿਨ ਦੀਆਂ ਮੁਬਾਰਕਾਂ ਦਿੰਦਿਆਂ ਉਨ੍ਹਾਂ ਦੇ ਚੰਗੇਰੇ ਭਵਿੱਖ, ਖੁਸ਼ਹਾਲ ਜੀਵਨ ਅਤੇ ਤਰੱਕੀ ਲਈ ਸ਼ੁਭਕਾਮਨਾਵਾਂ ਭੇਟ ਕੀਤੀਆਂ ਗਈਆਂ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਦੇਵ ਸਿੰਘ ਲਾਇਨਮੈਨ, ਨਵਜੋਤ ਕੌਰ ਸੰਧੂ, ਬਲਵਿੰਦਰ ਸਿੰਘ ਅਤੇ ਬਾਬੂ ਰਾਮ ਸਮੇਤ ਹੋਰ ਪਤਵੰਤੇ ਸੱਜਣ ਹਾਜ਼ਰ ਸਨ। ਸਮੁੱਚਾ ਸਮਾਗਮ ਆਪਸੀ ਪਿਆਰ, ਸਤਿਕਾਰ ਅਤੇ ਖੁਸ਼ੀਆਂ ਸਾਂਝੀਆਂ ਕਰਨ ਦਾ ਸੁਨੇਹਾ ਦਿੰਦਾ ਹੋਇਆ ਯਾਦਗਾਰੀ ਹੋ ਨਿਬੜਿਆ।

ਇੰਟਰਨੈਸ਼ਨਲ ਮਿਲੇਨੀਅਮ ਸਕੂਲ ਦੇ ਵਿਦਿਆਰਥੀਆਂ ਨੇ ਕੱਢੀ ਜਾਗਰੂਕਤਾ ਰੈਲੀ, ਸੁਰੱਖਿਅਤ ਅਤੇ ਪ੍ਰਦੂਸ਼ਣ ਰਹਿਤ ਦੀਵਾਲੀ ਮਨਾਉਣ ਦਾ ਦਿੱਤਾ ਸੰਦੇਸ਼

ਪਟਾਕਿਆਂ ਤੋਂ ਦੂਰੀ ਬਣਾ ਕੇ ਵਾਤਾਵਰਣ ਦੀ ਸੰਭਾਲ ਵਿੱਚ ਪਾਓ ਯੋਗਦਾਨ, ਬੱਚਿਆਂ ਨੇ ਲੋਕਾਂ ਨੂੰ ਕੀਤਾ ਜਾਗਰੂਕ

ਦੀਵੇ ਜਗਾਓ, ਖੁਸ਼ੀਆਂ ਵੰਡੋ, ਪ੍ਰਦੂਸ਼ਣ ਨਹੀਂ, ਹਰਿਆਲੀ ਅਤੇ ਸਾਫ਼-ਸੁਥਰੀ ਦੀਵਾਲੀ ਮਨਾਉਣ ਦਾ ਦਿੱਤਾ ਸੱਦਾ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ

ਕੋਟਕਪੂਰਾ, 10 ਨਵੰਬਰ : ਦੀਵਾਲੀ ਦੇ ਪਵਿੱਤਰ ਤਿਉਹਾਰ ਨੂੰ ਸੁਰੱਖਿਅਤ, ਹਰਿਆਲੀ ਭਰਪੂਰ ਅਤੇ ਸਾਫ਼-ਸੁਥਰੇ ਢੰਗ ਨਾਲ ਮਨਾਉਣ ਦਾ ਸੰਦੇਸ਼ ਦੇਣ ਦੇ ਉਦੇਸ਼ ਨਾਲ ਇੰਟਰਨੈਸ਼ਨਲ ਮਿਲੇਨੀਅਮ ਸਕੂਲ ਦੇ ਵਿਦਿਆਰਥੀਆਂ ਵੱਲੋਂ ਇੱਕ ਵਿਸ਼ੇਸ਼ ਜਾਗਰੂਕਤਾ ਰੈਲੀ ਕੱਢੀ ਗਈ। ਇਸ ਰੈਲੀ ਰਾਹੀਂ ਵਿਦਿਆਰਥੀਆਂ ਨੇ ਲੋਕਾਂ ਨੂੰ ਵਾਤਾਵਰਣ ਦੀ ਸੰਭਾਲ ਪ੍ਰਤੀ ਜਾਗਰੂਕ ਕਰਦਿਆਂ ਪਟਾਕਾ ਰਹਿਤ ਅਤੇ ਪ੍ਰਦੂਸ਼ਣ ਮੁਕਤ ਦੀਵਾਲੀ ਮਨਾਉਣ ਦੀ ਅਪੀਲ ਕੀਤੀ। ਰੈਲੀ ਦੌਰਾਨ ਵਿਦਿਆਰਥੀਆਂ ਨੇ ਵੱਖ-ਵੱਖ ਨਾਅਰਿਆਂ ਅਤੇ ਜਾਗਰੂਕਤਾ ਸੰਦੇਸ਼ਾਂ ਰਾਹੀਂ ਲੋਕਾਂ ਨੂੰ ਦੱਸਿਆ ਕਿ ਦੀਵਾਲੀ ਰੌਸ਼ਨੀਆਂ, ਖੁਸ਼ੀਆਂ ਅਤੇ ਆਪਸੀ ਪਿਆਰ ਦਾ ਤਿਉਹਾਰ ਹੈ। ਇਸ ਨੂੰ ਪਟਾਕਿਆਂ ਦੇ ਸ਼ੋਰ ਅਤੇ ਪ੍ਰਦੂਸ਼ਣ ਦੀ ਬਜਾਏ ਦੀਵੇ ਜਗਾ ਕੇ, ਖੁਸ਼ੀਆਂ ਵੰਡ ਕੇ ਅਤੇ ਵਾਤਾਵਰਣ ਦੀ ਸੰਭਾਲ ਕਰਦਿਆਂ ਮਨਾਉਣਾ ਚਾਹੀਦਾ ਹੈ। ਵਿਦਿਆਰਥੀਆਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਪਟਾਕਿਆਂ ਦੀ ਵਰਤੋਂ ਤੋਂ ਗੁਰੇਜ਼ ਕਰਨ, ਤਾਂ ਜੋ ਹਵਾ ਅਤੇ ਆਵਾਜ਼ ਪ੍ਰਦੂਸ਼ਣ ਨੂੰ ਘਟਾਇਆ ਜਾ ਸਕੇ ਅਤੇ ਬੱਚਿਆਂ, ਬਜ਼ੁਰਗਾਂ, ਪਸ਼ੂ-ਪੰਛੀਆਂ ਸਮੇਤ ਵਾਤਾਵਰਣ ਨੂੰ ਕਿਸੇ ਤਰ੍ਹਾਂ ਦਾ ਨੁਕਸਾਨ ਨਾ ਪਹੁੰਚੇ। ਇਸ ਮੌਕੇ ਸਕੂਲ ਦੇ ਪ੍ਰਧਾਨ ਵਾਸੂ ਸ਼ਰਮਾ ਨੇ ਕਿਹਾ ਕਿ ਬੱਚਿਆਂ ਨੂੰ ਕਿਤਾਬੀ ਸਿੱਖਿਆ ਦੇ ਨਾਲ-ਨਾਲ ਸਮਾਜਿਕ ਅਤੇ ਵਾਤਾਵਰਣ ਪ੍ਰਤੀ ਆਪਣੀਆਂ ਜ਼ਿੰਮੇਵਾਰੀਆਂ ਬਾਰੇ ਜਾਗਰੂਕ ਕਰਨਾ ਵੀ ਬੇਹੱਦ ਜ਼ਰੂਰੀ ਹੈ। ਅਜਿਹੇ ਪ੍ਰੋਗਰਾਮ ਵਿਦਿਆਰਥੀਆਂ ਵਿੱਚ ਇੱਕ ਚੰਗਾ ਨਾਗਰਿਕ ਬਣਨ ਦੀ ਭਾਵਨਾ ਪੈਦਾ ਕਰਦੇ ਹਨ। ਉਨ੍ਹਾਂ ਕਿਹਾ ਕਿ ਤਿਉਹਾਰਾਂ ਦੀ ਅਸਲ ਖੁਸ਼ੀ ਤਾਂ ਹੀ ਹੈ, ਜਦੋਂ ਅਸੀਂ ਆਪਣੀਆਂ ਖੁਸ਼ੀਆਂ ਦੇ ਨਾਲ-ਨਾਲ ਦੂਜਿਆਂ ਦੀ ਸੁਰੱਖਿਆ ਅਤੇ ਵਾਤਾਵਰਣ ਦਾ ਵੀ ਧਿਆਨ ਰੱਖੀਏ। ਸਕੂਲ ਦੀ ਡਾਇਰੈਕਟਰ ਰਕਸ਼ੰਦਾ ਸ਼ਰਮਾ ਨੇ ਕਿਹਾ ਕਿ ਅੱਜ ਦੇ ਸਮੇਂ ਵਿੱਚ ਵਾਤਾਵਰਣ ਦੀ ਸੰਭਾਲ ਸਾਡੇ ਸਾਰਿਆਂ ਦੀ ਸਾਂਝੀ ਜ਼ਿੰਮੇਵਾਰੀ ਹੈ। ਦੀਵਾਲੀ ਵਰਗੇ ਖੁਸ਼ੀਆਂ ਭਰੇ ਤਿਉਹਾਰ ਨੂੰ ਪ੍ਰਦੂਸ਼ਣ ਰਹਿਤ ਢੰਗ ਨਾਲ ਮਨਾਉਣ ਰਾਹੀਂ ਅਸੀਂ ਸਮਾਜ ਨੂੰ ਇੱਕ ਸਕਾਰਾਤਮਕ ਸੰਦੇਸ਼ ਦੇ ਸਕਦੇ ਹਾਂ। ਉਨ੍ਹਾਂ ਵਿਦਿਆਰਥੀਆਂ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਬੱਚਿਆਂ ਵੱਲੋਂ ਦਿੱਤਾ ਗਿਆ ਜਾਗਰੂਕਤਾ ਦਾ ਸੰਦੇਸ਼ ਨਿਸ਼ਚਿਤ ਤੌਰ 'ਤੇ ਲੋਕਾਂ ਨੂੰ ਸੁਰੱਖਿਅਤ ਅਤੇ ਹਰਿਆਲੀ ਭਰੀ ਦੀਵਾਲੀ ਮਨਾਉਣ ਲਈ ਪ੍ਰੇਰਿਤ ਕਰੇਗਾ। ਇਸ ਜਾਗਰੂਕਤਾ ਰੈਲੀ ਦਾ ਮੁੱਖ ਉਦੇਸ਼ ਆਮ ਲੋਕਾਂ ਵਿੱਚ ਵਾਤਾਵਰਣ ਪ੍ਰਤੀ ਜ਼ਿੰਮੇਵਾਰੀ ਦੀ ਭਾਵਨਾ ਪੈਦਾ ਕਰਨਾ, ਪਟਾਕਿਆਂ ਨਾਲ ਹੋਣ ਵਾਲੇ ਪ੍ਰਦੂਸ਼ਣ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕਰਨਾ ਅਤੇ ਸਮਾਜ ਨੂੰ ਸਾਫ਼-ਸੁਥਰਾ ਤੇ ਸਿਹਤਮੰਦ ਵਾਤਾਵਰਣ ਬਣਾਈ ਰੱਖਣ ਲਈ ਪ੍ਰੇਰਿਤ ਕਰਨਾ ਰਿਹਾ।



ਇਸ ਮੌਕੇ ਵਿਦਿਆਰਥੀਆਂ ਨੇ ਸੰਦੇਸ਼ ਦਿੱਤਾ ਕਿ ਦੀਵੇ ਜਗਾਓ, ਖੁਸ਼ੀਆਂ ਵੰਡੋ, ਪ੍ਰਦੂਸ਼ਣ ਨਹੀਂ, ਸੁਰੱਖਿਅਤ ਦੀਵਾਲੀ, ਹਰਿਆਲੀ ਭਰੀ ਦੀਵਾਲੀ ਅਤੇ ਸਾਫ਼-ਸੁਥਰੀ ਦੀਵਾਲੀ ਮਨਾਓ।

ਪੰਜਾਬ ਦਾ ਅਸਲ ਇਤਿਹਾਸ ਲੋਕ-ਗੀਤਾਂ, ਕਿੱਸਿਆਂ ਅਤੇ ਲੋਕ-ਚੇਤਨਾ ਵਿੱਚ ਵੱਸਦਾ ਹੈ: ਡਾ. ਤੌਹੀਦ ਚੱਠਾ

ਜੀਵੇ ਪੰਜਾਬ ਅਦਬੀ ਸੰਗਤ ਪੰਜਾਬ ਦੇ ਲੋਕ ਇਤਿਹਾਸ ਬਾਰੇ ਕਰਵਾਈ ਵਿਸ਼ੇਸ਼ ਵਿਚਾਰ-ਚਰਚਾ

ਵਰਲਡ ਪੰਜਾਬੀ ਟਾਈਮਜ਼
ਹਰਦਮ ਮਾਨ



ਜੀਵੇ ਪੰਜਾਬ ਅਦਬੀ ਸੰਗਤ ਅਤੇ ਸਰੀ ਦੀਆਂ ਹੋਰ ਸਹਿਯੋਗੀ ਜਥੇਬੰਦੀਆਂ ਵੱਲੋਂ ਪੰਜਾਬ ਦੇ ਲੋਕ ਇਤਿਹਾਸ ਬਾਰੇ ਲਹਿੰਦੇ ਪੰਜਾਬ ਦੇ ਨਾਮਵਰ ਵਿਦਵਾਨ ਡਾ. ਤੌਹੀਦ ਚੱਠਾ ਨਾਲ ਵਿਸ਼ੇਸ਼ ਵਿਚਾਰ-ਚਰਚਾ ਕਰਨ ਲਈ ਸਥਾਨਕ ਸੀਨੀਅਰਜ਼ ਸੈਂਟਰ ਵਿਖੇ ਸਮਾਗਮ ਕਰਵਾਇਆ ਗਿਆ। ਸਮਾਗਮ ਦਾ ਆਗਾਜ਼ ਜੀਵੇ ਪੰਜਾਬ ਅਦਬੀ ਸੰਗਤ ਦੇ ਸੰਚਾਲਕ ਭੁਪਿੰਦਰ ਮੱਲ੍ਹੀ ਦੇ ਸਵਾਗਤੀ ਸ਼ਬਦਾਂ ਨਾਲ ਹੋਇਆ। ਉਨ੍ਹਾਂ ਡਾ. ਤੌਹੀਦ ਚੱਠਾ ਦੀ ਜਾਣ-ਪਛਾਣ ਕਰਵਾਉਂਦਿਆਂ ਨਵੰਬਰ 1984 ਦੇ ਦੁਖਾਂਤ ਸਮੇਤ ਦੁਨੀਆ ਭਰ ਵਿੱਚ ਨਫ਼ਰਤ, ਹਿੰਸਾ, ਜੰਗਾਂ ਅਤੇ ਜ਼ੁਲਮਾਂ ਦੀ ਭੇਟ ਚੜ੍ਹੇ ਬੇਕਸੂਰ ਲੋਕਾਂ ਨੂੰ ਯਾਦ ਕੀਤਾ। ਉਨ੍ਹਾਂ ਸਭਨਾਂ ਦੀ ਯਾਦ ਵਿੱਚ ਇੱਕ ਮਿੰਟ ਦਾ ਮੌਨ ਧਾਰਨ ਕਰਕੇ ਸ਼ਰਧਾਂਜਲੀ ਭੇਟ ਕੀਤੀ ਗਈ ਅਤੇ ਸਮਾਜ ਵਿੱਚੋਂ ਨਫ਼ਰਤ ਤੇ ਹਿੰਸਾ ਖ਼ਤਮ ਕਰਨ ਦਾ ਅਹਿਦ ਲਿਆ ਗਿਆ।

ਇਸ ਸਮਾਗਮ ਦੀ ਪ੍ਰਧਾਨਗੀ ਡਾ. ਤੌਹੀਦ ਚੱਠਾ, ਡਾ. ਸਾਧੂ ਸਿੰਘ, ਡਾ. ਗੁਰਵਿੰਦਰ ਸਿੰਘ ਧਾਲੀਵਾਲ ਅਤੇ ਭੁਪਿੰਦਰ ਮੱਲ੍ਹੀ ਨੇ ਕੀਤੀ। ਇਸ ਮੌਕੇ ਡਾ. ਸਾਧੂ ਸਿੰਘ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਗੁਰੂ ਨਾਨਕ ਦੇਵ ਜੀ ਦਾ ਫਲਸਫਾ ਮਨੁੱਖ ਨੂੰ ਆਪਸੀ ਸੰਵਾਦ, ਸਹਿਣਸ਼ੀਲਤਾ ਅਤੇ ਵਿਚਾਰਾਂ ਦੇ ਆਦਾਨ-ਪ੍ਰਦਾਨ ਦੀ ਪ੍ਰੇਰਨਾ ਦਿੰਦਾ ਹੈ। ਗੁਰਬਾਣੀ ਦੀ ਪੰਕਤੀ 'ਕਿਛੁ ਸੁਣੀਐ ਕਿਛੁ ਕਹੀਐ ਨਾਨਕ' ਮਨੁੱਖੀ ਸੰਵਾਦ ਦੀ ਇਸੇ ਮਹੱਤਤਾ ਨੂੰ ਉਜਾਗਰ ਕਰਦੀ ਹੈ। ਇਸ ਦਾ ਭਾਵ ਹੈ ਕਿ ਮਨੁੱਖ ਨੂੰ ਸਿਰਫ਼ ਆਪਣੀ ਗੱਲ ਕਹਿਣ ਦੀ ਹੀ ਨਹੀਂ, ਸਗੋਂ ਦੂਜਿਆਂ ਦੀ ਗੱਲ ਧਿਆਨ ਨਾਲ ਸੁਣਨ ਅਤੇ ਸਮਝਣ ਦੀ ਜਾਚ ਵੀ ਸਿੱਖਣੀ ਚਾਹੀਦੀ ਹੈ। ਸੰਵਾਦ ਰਾਹੀਂ ਹੀ ਵਿਚਾਰਾਂ ਦੀ ਸਾਂਝ, ਆਪਸੀ ਸਮਝ ਅਤੇ ਸਹਿਮਤੀ ਦੇ ਰਾਹ ਖੁੱਲ੍ਹਦੇ ਹਨ। ਅਫ਼ਸੋਸ ਦੀ ਗੱਲ ਹੈ ਕਿ ਅੱਜ ਸਮਾਜ ਵਿੱਚ ਇਸ ਫਲਸਫੇ ਦੇ ਉਲਟ ਨਫ਼ਰਤ, ਵੈਰ-ਵਿਰੋਧ ਅਤੇ ਟਕਰਾਅ ਦਾ ਮਾਹੌਲ ਵਧ ਰਿਹਾ ਹੈ। ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਅੱਜ ਪਹਿਲਾਂ ਨਾਲੋਂ ਵੀ ਵੱਧ ਪ੍ਰਸੰਗਿਕ ਹੈ, ਕਿਉਂਕਿ ਮਨੁੱਖਤਾ ਨੂੰ ਲੜਾਈ-ਝਗੜੇ ਦੀ ਨਹੀਂ, ਸਗੋਂ ਸੰਵਾਦ ਅਤੇ ਸਾਂਝ ਦੀ ਲੋੜ ਹੈ।

ਡਾ. ਤੌਹੀਦ ਚੱਠਾ ਨੇ ਵਾਰਿਸ ਸ਼ਾਹ ਦੀ ਹੀਰ ਦੇ ਹਵਾਲੇ ਨਾਲ ਆਪਣੀ ਗੱਲਬਾਤ ਸ਼ੁਰੂ ਕਰਦਿਆਂ ਕਿਹਾ ਕਿ ਪੰਜਾਬ ਦਾ ਇਤਿਹਾਸ ਸਿਰਫ਼ ਰਾਜਿਆਂ, ਜੰਗਾਂ ਅਤੇ ਹਕੂਮਤਾਂ ਤੱਕ ਸੀਮਤ ਨਹੀਂ, ਸਗੋਂ ਇਸ ਵਿੱਚ ਦਰਿਆਵਾਂ, ਪਿੰਡਾਂ, ਲੋਕ-ਗੀਤਾਂ, ਕਿੱਸਿਆਂ, ਮੁਹਾਵਰਿਆਂ, ਬਜ਼ੁਰਗਾਂ ਦੀਆਂ ਯਾਦਾਂ ਅਤੇ ਆਮ ਲੋਕਾਂ ਦੇ ਜੀਵਨ ਦੀ ਵੀ ਅਹਿਮ ਭੂਮਿਕਾ ਹੈ। ਇਤਿਹਾਸ ਦੀ ਸੰਪੂਰਨ ਸਮਝ ਲਈ ਲਿਖਤੀ ਦਸਤਾਵੇਜ਼ਾਂ ਦੇ ਨਾਲ-ਨਾਲ ਲੋਕਾਂ ਦੀਆਂ ਅਣਲਿਖੀਆਂ ਕਹਾਣੀਆਂ ਨੂੰ ਵੀ ਸੰਭਾਲਣਾ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਕੇਵਲ ਪੰਜ ਦਰਿਆਵਾਂ ਦੀ ਧਰਤੀ ਕਹਿਣਾ ਇਸ ਦੇ ਭੂਗੋਲ ਅਤੇ ਇਤਿਹਾਸ ਨੂੰ ਸੀਮਤ ਕਰਨਾ ਹੈ। ਛੋਟੀਆਂ ਨਦੀਆਂ, ਚੋਆਂ, ਪੁਰਾਣੇ ਜਲ-ਮਾਰਗਾਂ ਅਤੇ ਨਹਿਰਾਂ ਨੇ ਵੀ ਪੰਜਾਬ ਦੀ ਵਸੋਂ, ਖੇਤੀਬਾੜੀ, ਵਪਾਰ ਅਤੇ ਸਮਾਜਿਕ ਜੀਵਨ ਨੂੰ ਪ੍ਰਭਾਵਿਤ ਕੀਤਾ ਹੈ। ਵਾਰਿਸ ਸ਼ਾਹ ਦੀ ਹੀਰ ਦੇ ਹਵਾਲੇ ਨਾਲ ਉਨ੍ਹਾਂ ਸਮਝਾਇਆ ਕਿ ਕਿੱਸਾ-ਕਾਵਿ ਸਿਰਫ਼ ਪ੍ਰੇਮ ਕਹਾਣੀਆਂ ਨਹੀਂ, ਸਗੋਂ ਉਸ ਸਮੇਂ ਦੇ ਸਮਾਜਿਕ ਰਿਸ਼ਤਿਆਂ, ਰੀਤੀ-ਰਿਵਾਜਾਂ, ਪਿੰਡਾਂ, ਰਾਜਸੀ ਹਾਲਾਤ ਅਤੇ ਲੋਕ-ਮਾਨਸਿਕਤਾ ਦੇ ਮਹੱਤਵਪੂਰਨ ਇਤਿਹਾਸਕ ਸਰੋਤ ਵੀ ਹਨ। ਧਨੀ ਰਾਮ ਚਾਤ੍ਰਿਕ ਦੀਆਂ ਰਚਨਾਵਾਂ ਵਿੱਚ ਵਰਤੇ ਮੁਹਾਵਰਿਆਂ ਅਤੇ ਲੋਕ-ਬੋਲੀਆਂ ਰਾਹੀਂ ਵੀ ਸਮਾਜ ਦੀ ਸੋਚ ਅਤੇ ਜੀਵਨ-ਜਾਚ ਨੂੰ ਸਮਝਿਆ ਜਾ ਸਕਦਾ ਹੈ।

ਉਨ੍ਹਾਂ ਰਵਾਇਤੀ ਇਤਿਹਾਸਕਾਰੀ ਵਿੱਚ ਕਿਸਾਨਾਂ, ਕਾਰੀਗਰਾਂ, ਮਜ਼ਦੂਰਾਂ, ਔਰਤਾਂ ਅਤੇ ਆਮ ਲੋਕਾਂ ਨੂੰ ਬਣਦੀ ਥਾਂ ਨਾ ਮਿਲਣ ਵੱਲ ਧਿਆਨ ਦਿਵਾਇਆ। ਇਸ ਘਾਟ ਨੂੰ ਪੂਰਾ ਕਰਨ ਲਈ ਮੌਖਿਕ ਇਤਿਹਾਸ ਦੀ ਸੰਭਾਲ, ਬਜ਼ੁਰਗਾਂ ਦੀਆਂ ਯਾਦਾਂ, ਵੰਡ ਸਮੇਂ ਦੇ ਤਜਰਬਿਆਂ ਅਤੇ ਪਰਿਵਾਰਕ ਕਿੱਸਿਆਂ ਨੂੰ ਰਿਕਾਰਡ ਕਰਨਾ ਜ਼ਰੂਰੀ ਹੈ। ਇਹ ਕੰਮ ਪੂਰਬੀ ਅਤੇ ਪੱਛਮੀ ਦੋਵਾਂ ਪੰਜਾਬਾਂ ਵਿੱਚ ਹੋਣਾ ਚਾਹੀਦਾ ਹੈ, ਤਾਂ ਜੋ ਪੰਜਾਬ ਦੇ ਸਾਂਝੇ ਅਤੀਤ ਦੀ ਸੰਪੂਰਨ ਤਸਵੀਰ ਸਾਹਮਣੇ ਆ ਸਕੇ।

ਵਿਚਾਰ-ਚਰਚਾ ਦੌਰਾਨ ਇਤਿਹਾਸ ਨੂੰ ਹਿੰਦੂ ਕਾਲ, ਮੁਸਲਿਮ ਕਾਲ ਜਾਂ ਸਿੱਖ ਕਾਲ ਵਰਗੇ ਧਾਰਮਿਕ ਖਾਨਿਆਂ ਵਿੱਚ ਵੰਡਣ ਦੀ ਪ੍ਰਵਿਰਤੀ 'ਤੇ ਵੀ ਸਵਾਲ ਉਠਾਏ ਗਏ। ਡਾ. ਚੱਠਾ ਅਨੁਸਾਰ ਕਿਸੇ ਯੁੱਗ ਦੀ ਪਛਾਣ ਉਸ ਸਮੇਂ ਦੀ ਰਾਜਸੀ ਸੱਤਾ, ਪ੍ਰਸ਼ਾਸਨਿਕ ਪ੍ਰਬੰਧ, ਆਰਥਿਕਤਾ ਅਤੇ ਸਮਾਜਿਕ ਹਾਲਾਤ ਦੇ ਆਧਾਰ 'ਤੇ ਕਰਨੀ ਚਾਹੀਦੀ ਹੈ। ਉਨ੍ਹਾਂ ਬਸਤੀਵਾਦੀ ਦੌਰ ਦੇ ਸਰਵੇਖਣਾਂ ਅਤੇ ਇਤਿਹਾਸਕ ਖੋਜਾਂ ਨੂੰ ਵੀ ਉਨ੍ਹਾਂ ਦੇ ਰਾਜਸੀ ਤੇ ਪ੍ਰਸ਼ਾਸਕੀ ਸੰਦਰਭ ਵਿੱਚ ਪਰਖਣ ਦੀ ਲੋੜ ਦੱਸੀ। ਇਤਿਹਾਸਕ ਸਰੋਤਾਂ ਦੀ ਭਰੋਸੇਯੋਗਤਾ, ਲੇਖਕ ਦੀ ਦ੍ਰਿਸ਼ਟੀ ਅਤੇ ਉਦੇਸ਼ ਬਾਰੇ ਸਵਾਲ ਕਰਨਾ ਗਿਆਨ ਦੇ ਵਿਕਾਸ ਲਈ ਲਾਜ਼ਮੀ ਹੈ। ਪੁਰਾਤੱਤਵਕ ਵਸਤਾਂ ਨੂੰ ਅਜਾਇਬਘਰਾਂ ਵਿੱਚ ਸੰਭਾਲਣ ਦੇ ਨਾਲ ਉਨ੍ਹਾਂ ਦੇ ਰਵਾਇਤੀ ਨਾਂ, ਵਰਤੋਂ ਅਤੇ ਸਥਾਨਕ ਲੋਕਾਂ ਕੋਲ ਮੌਜੂਦ ਗਿਆਨ ਨੂੰ ਵੀ ਇਕੱਠਾ ਕਰਨ ਦੀ ਲੋੜ ਹੈ। ਵੰਡ ਕਾਰਨ ਦੋਵਾਂ ਦੇਸ਼ਾਂ ਵਿੱਚ ਵੰਡੀਆਂ ਗਈਆਂ ਸਾਂਝੀਆਂ ਵਿਰਾਸਤੀ ਵਸਤਾਂ ਦੀ ਖੋਜ ਅਤੇ ਸੰਭਾਲ ਲਈ ਸਰਹੱਦਾਂ ਤੋਂ ਪਾਰ ਸਹਿਯੋਗ ਦੀ ਵਕਾਲਤ ਵੀ ਕੀਤੀ ਗਈ।

ਪੰਜਾਬ ਦੀ ਵੰਡ ਨਾਲ ਭੂਗੋਲ ਦੇ ਨਾਲ-ਨਾਲ ਪੰਜਾਬੀ ਪਾਠਕ ਵੀ ਗੁਰਮੁਖੀ ਅਤੇ ਸ਼ਾਹਮੁਖੀ ਦੀਆਂ ਵੱਖਰੀਆਂ ਲਿਪੀਆਂ ਵਿੱਚ ਵੰਡੇ ਗਏ, ਜਿਸ ਕਾਰਨ ਦੋਵਾਂ ਪਾਸਿਆਂ ਦਾ ਸਾਹਿਤਕ ਸੰਪਰਕ ਘਟਿਆ। ਉਨ੍ਹਾਂ ਗੁਰਮੁਖੀ ਅਤੇ ਸ਼ਾਹਮੁਖੀ ਦੋਵਾਂ ਲਿਪੀਆਂ ਦੀ ਸਿੱਖਿਆ ਨੂੰ ਉਤਸ਼ਾਹਿਤ ਕਰਨ ਦੀ ਲੋੜ ਦੱਸਦਿਆਂ ਪੱਛਮੀ ਪੰਜਾਬ ਵਿੱਚ ਗੁਰਮੁਖੀ ਸਿੱਖਣ ਦੀ ਵਧ ਰਹੀ ਰੁਚੀ ਅਤੇ ਲਾਹੌਰ ਵਿੱਚ ਚੱਲ ਰਹੀਆਂ ਜਮਾਤਾਂ ਨੂੰ ਉਮੀਦਜਨਕ ਕਦਮ ਕਿਹਾ। ਦੋਵਾਂ ਲਿਪੀਆਂ ਦੀ ਜਾਣਕਾਰੀ ਨਾਲ ਪੰਜਾਬ ਦਾ ਸਾਂਝਾ ਸਾਹਿਤਕ ਅਤੇ ਸੱਭਿਆਚਾਰਕ ਖ਼ਜ਼ਾਨਾ ਮੁੜ ਸਾਂਝਾ ਕੀਤਾ ਜਾ ਸਕਦਾ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਦੇ ਇਤਿਹਾਸ ਨੂੰ ਨਵੀਂ ਪੀੜ੍ਹੀ ਤੱਕ ਪਹੁੰਚਾਉਣ ਲਈ ਪੁਸਤਕਾਂ ਅਤੇ ਭਾਸ਼ਣਾਂ ਦੇ ਨਾਲ ਨਾਲ ਫ਼ਿਲਮਾਂ, ਟੈਲੀਵਿਜ਼ਨ ਲੜੀਆਂ, ਦਸਤਾਵੇਜ਼ੀ ਫ਼ਿਲਮਾਂ ਅਤੇ ਬੱਚਿਆਂ ਲਈ ਐਨੀਮੇਸ਼ਨ ਵਰਗੇ ਨਵੇਂ ਮਾਧਿਅਮਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਪੰਜਾਬ ਦੇ ਯੋਧਿਆਂ, ਲੋਕ-ਨਾਇਕਾਂ, ਇਤਿਹਾਸਕ ਸੰਘਰਸ਼ਾਂ ਅਤੇ ਸੱਭਿਆਚਾਰਕ ਸ਼ਖ਼ਸੀਅਤਾਂ ਦੀਆਂ ਕਹਾਣੀਆਂ ਨਵੀਂ ਪੀੜ੍ਹੀ ਨੂੰ ਆਪਣੀਆਂ ਜੜ੍ਹਾਂ ਨਾਲ ਜੋੜ ਸਕਦੀਆਂ ਹਨ।

ਵਿਚਾਰ-ਚਰਚਾ ਨੂੰ ਸਮੇਟਦਿਆਂ ਪ੍ਰਸਿੱਧ ਵਿਦਵਾਨ ਡਾ. ਗੁਰਵਿੰਦਰ ਸਿੰਘ ਧਾਲੀਵਾਲ ਨੇ ਗੁਰੂ ਸਾਹਿਬਾਨ ਦੇ ਜੀਵਨ ਅਤੇ ਕੁਰਬਾਨੀਆਂ ਦੇ ਇਤਿਹਾਸਕ ਮਹੱਤਵ ਦਾ ਜ਼ਿਕਰ ਕੀਤਾ। ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ, ਛੋਟੇ ਸਾਹਿਬਜ਼ਾਦਿਆਂ ਦੀ ਕੁਰਬਾਨੀ ਅਤੇ ਗੁਰੂ ਨਾਨਕ ਦੇਵ ਜੀ ਦੀ ਸਰਬੱਤ ਦੇ ਭਲੇ ਦੀ ਵਿਚਾਰਧਾਰਾ ਨੂੰ ਮਨੁੱਖਤਾ, ਬਰਾਬਰੀ, ਸੱਚ ਅਤੇ ਜ਼ੁਲਮ ਵਿਰੁੱਧ ਡਟਣ ਦਾ ਸੰਦੇਸ਼ ਦੱਸਿਆ। ਭਾਈ ਬੋਤਾ ਸਿੰਘ ਅਤੇ ਭਾਈ ਗਰਜਾ ਸਿੰਘ ਵਰਗੇ ਯੋਧਿਆਂ ਦੀਆਂ ਗਾਥਾਵਾਂ ਨੂੰ ਪੰਜਾਬ ਦੇ ਲੋਕ-ਮਨ ਵਿੱਚ ਸਵੈਮਾਣ ਅਤੇ ਆਜ਼ਾਦ ਸੋਚ ਦੇ ਪ੍ਰਤੀਕ ਵਜੋਂ ਯਾਦ ਕਰਦਿਆਂ ਇਨ੍ਹਾਂ ਇਤਿਹਾਸਕ ਘਟਨਾਵਾਂ ਤੋਂ ਅੱਜ ਦੇ ਜੀਵਨ ਲਈ ਸਬਕ ਲੈਣ ਦੀ ਲੋੜ ਉਭਾਰੀ। ਉਨ੍ਹਾਂ ਹੜੱਪਾ ਅਤੇ ਸਿੰਧੂ ਘਾਟੀ ਦੀ ਸਭਿਅਤਾ ਦਾ ਜ਼ਿਕਰ ਕਰਦਿਆਂ ਉਨ੍ਹਾਂ ਮੇਸੋਪੋਟਾਮੀਆ ਦੇ ਪੁਰਾਤਨ ਸਰੋਤਾਂ ਵਿੱਚ ਮਿਲਦੇ 'ਮੇਲੂਹਾ' ਦੇ ਹਵਾਲੇ ਨੂੰ ਵੀ ਚਰਚਾ ਦਾ ਹਿੱਸਾ ਬਣਾਇਆ। ਉਨ੍ਹਾਂ ਕਿਹਾ ਕਿ ਖੋਜ ਸਿਰਫ਼ ਇਸ ਗੱਲ ਤੱਕ ਸੀਮਤ ਨਹੀਂ ਰਹਿਣੀ ਚਾਹੀਦੀ ਕਿ ਪੰਜਾਬੀ ਭਾਸ਼ਾ ਨੇ ਹੋਰਨਾਂ ਭਾਸ਼ਾਵਾਂ ਤੋਂ ਕੀ ਗ੍ਰਹਿਣ ਕੀਤਾ, ਸਗੋਂ ਇਹ ਵੀ ਪੜਚੋਲ ਹੋਣੀ ਚਾਹੀਦੀ ਹੈ ਕਿ ਪੰਜਾਬ ਨੇ ਵਿਸ਼ਵ ਸਭਿਅਤਾ ਨੂੰ ਕੀ ਯੋਗਦਾਨ ਦਿੱਤਾ।

ਡਾ. ਗੁਰਵਿੰਦਰ ਸਿੰਘ ਧਾਲੀਵਾਲ ਨੇ ਸਭਨਾਂ ਦਾ ਧੰਨਵਾਦ ਕੀਤਾ। ਅੰਤ ਵਿੱਚ ਜੀਵੇ ਪੰਜਾਬ ਅਦਬੀ ਸੰਗਤ ਵੱਲੋਂ ਡਾ. ਤੌਹੀਦ ਚੱਠਾ ਦਾ ਸਨਮਾਨ ਕੀਤਾ ਗਿਆ। ਸਮਾਗਮ ਦੇ ਪ੍ਰਬੰਧਕੀ ਕਾਰਜਾਂ ਵਿੱਚ ਲਵਪ੍ਰੀਤ ਲੱਕੀ ਸੰਧੂ ਅਤੇ ਰਿੱਕੀ ਬਾਜਵਾ ਨੇ ਵਿਸ਼ੇਸ਼ ਸਹਿਯੋਗ ਦਿੱਤਾ।

ਬਜ਼ੁਰਗ ਮਾਂ-ਪਿਓ ਕੋਲੋਂ ਮਦਦ ਲਵੋ, ਉਨ੍ਹਾਂ ਦੀ ਉਮਰ ਵੀ ਵੇਖੋ

ਵਰਲਡ ਪੰਜਾਬੀ ਟਾਈਮਜ਼
ਸੁਰਜੀਤ ਸਾਰੰਗ

ਬਜ਼ੁਰਗ ਮਾਂ-ਪਿਓ ਕੋਲੋਂ ਮਦਦ ਲਵੋ, ਪਰ ਉਨ੍ਹਾਂ ਦੀ ਉਮਰ ਵੀ ਵੇਖੋ।

ਉਹ ਮਾਂ-ਪਿਓ ਜਿਨ੍ਹਾਂ ਨੇ ਸਾਰੀ ਉਮਰ ਤੁਹਾਨੂੰ ਪਾਲਣ ਲਈ ਆਪਣਾ ਸਰੀਰ ਗਾਲ ਦਿੱਤਾ, ਅੱਜ ਉਹੀ ਹੱਥ ਕੰਬਦੇ ਨੇ।
ਜਿਨ੍ਹਾਂ ਪੈਰਾਂ ਨੇ ਤੁਹਾਨੂੰ ਤੁਰਨਾ ਸਿਖਾਇਆ, ਅੱਜ ਉਹੀ ਪੈਰ ਥੱਕ ਜਾਂਦੇ ਨੇ।
ਜਿਨ੍ਹਾਂ ਅੱਖਾਂ ਨੇ ਤੁਹਾਡੇ ਸੁਪਨੇ ਵੇਖੇ, ਅੱਜ ਉਹੀ ਅੱਖਾਂ ਧੁੰਦਲਾ ਵੇਖਦੀਆਂ ਨੇ।
ਮਦਦ ਲੈਣੀ ਮਾੜੀ ਨਹੀਂ, ਪਰ ਮਦਦ ਦੇ ਨਾਮ ਤੇ ਉਨ੍ਹਾਂ ਤੇ ਬੋਝ ਪਾਉਣਾ ਮਾੜਾ ਹੈ।

ਬਜ਼ੁਰਗ ਮਾਂ-ਪਿਓ ਤੋਂ ਪੈਸਾ ਮੰਗਣ ਤੋਂ ਪਹਿਲਾਂ ਸੋਚੋ,
ਕੀ ਉਨ੍ਹਾਂ ਕੋਲ ਹੁਣ ਕਮਾਉਣ ਦੀ ਤਾਕਤ ਹੈ?
ਉਨ੍ਹਾਂ ਤੋਂ ਕੰਮ ਕਰਵਾਉਣ ਤੋਂ ਪਹਿਲਾਂ ਸੋਚੋ,
ਕੀ ਉਨ੍ਹਾਂ ਦੇ ਸਰੀਰ ਵਿਚ ਹੁਣ ਉਹ ਤਾਕਤ ਹੈ?
ਉਨ੍ਹਾਂ ਨੂੰ ਹੁਣ ਤੁਹਾਡੇ ਪੈਸੇ ਦੀ ਨਹੀਂ, ਤੁਹਾਡੇ ਪਿਆਰ ਦੀ ਲੋੜ ਹੈ।
ਉਨ੍ਹਾਂ ਨੂੰ ਹੁਣ ਤੁਹਾਡੀ ਮਦਦ ਦੀ ਨਹੀਂ, ਤੁਹਾਡੇ ਸਾਥ ਦੀ ਲੋੜ ਹੈ।
ਇੱਕ ਵਾਰੀ ਪੁੱਛ ਲਿਆ ਕਰੋ – ਮਾਂ, ਤੂੰ ਰੋਟੀ ਖਾਧੀ? ਬਾਪੂ, ਤੂੰ ਦਵਾਈ ਲਈ?

ਯਾਦ ਰੱਖੋ, ਜਿਸ ਘਰ ਵਿਚ ਬਜ਼ੁਰਗ ਮਾਂ-ਪਿਓ ਦਾ ਸਤਕਾਰ ਹੁੰਦਾ ਹੈ, ਉਸ ਘਰ ਵਿਚ ਹਮੇਸ਼ਾ ਬਰਕਤ ਰਹਿੰਦੀ ਹੈ।
ਤੇ ਜਿਸ ਘਰ ਵਿਚ ਬਜ਼ੁਰਗਾਂ ਨੂੰ ਬੋਝ ਸਮਝਿਆ ਜਾਂਦਾ ਹੈ, ਉਸ ਘਰ ਵਿਚੋਂ ਖੁਸ਼ੀਆਂ ਚਲੀਆਂ ਜਾਂਦੀਆਂ ਹਨ।

ਵਰਲਡ ਪੰਜਾਬੀ ਟਾਈਮਜ਼ 10 ਨਵੰਬਰ 2026 ਦਿਨ ਮੰਗਲਵਾਰ

ਭਗਵਾਨ ਵਿਸ਼ਵਕਰਮਾ ਜੀ ਦੀਆਂ ਸਿੱਖਿਆਵਾਂ ਮਿਹਨਤ, ਹੁਨਰ ਅਤੇ ਸਿਰਜਣਾਤਮਕਤਾ ਦਾ ਦਿੰਦੀਆਂ ਹਨ ਸੰਦੇਸ਼ : ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ

ਵਿਸ਼ਵਕਰਮਾ ਦਿਵਸ ਮੌਕੇ ਮੰਤਰੀ ਸੌਂਦ ਨੇ ਸੂਬਾ ਵਾਸੀਆਂ ਨੂੰ ਦਿੱਤੀਆਂ ਸ਼ੁਭਕਾਮਨਾਵਾਂ, ਕਿਹਾ—ਨਿਰਮਾਣ ਅਤੇ ਵਿਕਾਸ ਵਿੱਚ ਮਜ਼ਦੂਰਾਂ ਤੇ ਕਾਰੀਗਰਾਂ ਦਾ ਯੋਗਦਾਨ ਅਤੁੱਲਨੀਆ

ਵਰਲਡ ਪੰਜਾਬੀ ਟਾਈਮਜ਼



ਖੰਨਾ, 10 ਨਵੰਬਰ:ਪੰਜਾਬ ਦੇ ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲੇ, ਕਿਰਤ, ਪ੍ਰਾਹੁਣਚਾਰੀ, ਪੇਂਡੂ ਵਿਕਾਸ ਅਤੇ ਪੰਚਾਇਤਾਂ ਅਤੇ ਬਿਜਲੀ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਭਗਵਾਨ ਵਿਸ਼ਵਕਰਮਾ ਜੀ ਦੇ ਪਾਵਨ ਦਿਹਾੜੇ ਮੌਕੇ ਸਮੂਹ ਸੂਬਾ ਵਾਸੀਆਂ ਨੂੰ ਹਾਰਦਿਕ ਸ਼ੁਭਕਾਮਨਾਵਾਂ ਦਿੱਤੀਆਂ। ਉਨ੍ਹਾਂ ਭਗਵਾਨ ਵਿਸ਼ਵਕਰਮਾ ਜੀ ਦੇ ਚਰਨਾਂ ਵਿੱਚ ਨਤਮਸਤਕ ਹੁੰਦਿਆਂ ਸਾਰਿਆਂ ਦੇ ਜੀਵਨ ਵਿੱਚ ਸੁੱਖ, ਸ਼ਾਂਤੀ, ਖੁਸ਼ਹਾਲੀ ਅਤੇ ਸਮਰਿੱਧੀ ਦੀ ਕਾਮਨਾ ਕੀਤੀ।


ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਕਿਹਾ ਕਿ ਭਗਵਾਨ ਵਿਸ਼ਵਕਰਮਾ ਜੀ ਸਿਰਜਣਾ, ਸ਼ਿਲਪਕਲਾ, ਵਾਸਤੂਕਲਾ, ਤਕਨਾਲੋਜੀ ਅਤੇ ਨਿਰਮਾਣ ਦੇ ਪ੍ਰਤੀਕ ਹਨ। ਉਨ੍ਹਾਂ ਨੂੰ ਸ੍ਰਿਸ਼ਟੀ ਦਾ ਮਹਾਨ ਸ਼ਿਲਪਕਾਰ ਮੰਨਿਆ ਜਾਂਦਾ ਹੈ। ਉਨ੍ਹਾਂ ਦੀਆਂ ਸਿੱਖਿਆਵਾਂ ਸਾਨੂੰ ਮਿਹਨਤ, ਇਮਾਨਦਾਰੀ, ਹੁਨਰ, ਅਨੁਸ਼ਾਸਨ ਅਤੇ ਸਮਰਪਣ ਨਾਲ ਆਪਣੇ ਕੰਮ ਕਰਨ ਦੀ ਪ੍ਰੇਰਣਾ ਦਿੰਦੀਆਂ ਹਨ।

ਉਨ੍ਹਾਂ ਕਿਹਾ ਕਿ ਕਿਸੇ ਵੀ ਦੇਸ਼ ਅਤੇ ਸੂਬੇ ਦੀ ਤਰੱਕੀ ਵਿੱਚ ਮਜ਼ਦੂਰਾਂ, ਕਾਰੀਗਰਾਂ, ਇੰਜੀਨੀਅਰਾਂ, ਤਕਨੀਕੀ ਮਾਹਿਰਾਂ ਅਤੇ ਮਿਹਨਤਕਸ਼ ਲੋਕਾਂ ਦੀ ਭੂਮਿਕਾ ਬੇਹੱਦ ਅਹਿਮ ਹੁੰਦੀ ਹੈ। ਸੜਕਾਂ, ਇਮਾਰਤਾਂ, ਉਦਯੋਗਾਂ, ਮਸ਼ੀਨਾਂ ਅਤੇ ਆਧੁਨਿਕ ਤਕਨਾਲੋਜੀ ਦੇ ਵਿਕਾਸ ਪਿੱਛੇ ਇਨ੍ਹਾਂ ਮਿਹਨਤਕਸ਼ ਲੋਕਾਂ ਦੀ ਅਣਥੱਕ ਮਿਹਨਤ ਅਤੇ ਹੁਨਰ ਹੁੰਦਾ ਹੈ।

ਮੰਤਰੀ ਸੌਂਦ ਨੇ ਕਿਹਾ ਕਿ ਮਜ਼ਦੂਰ ਅਤੇ ਕਾਰੀਗਰ ਸਿਰਫ਼ ਆਪਣੇ ਪਰਿਵਾਰਾਂ ਦਾ ਪਾਲਣ-ਪੋਸ਼ਣ ਹੀ ਨਹੀਂ ਕਰਦੇ, ਸਗੋਂ ਆਪਣੀ ਮਿਹਨਤ ਨਾਲ ਦੇਸ਼ ਦੀ ਆਰਥਿਕ ਅਤੇ ਸਮਾਜਿਕ ਵਿਵਸਥਾ ਨੂੰ ਵੀ ਮਜ਼ਬੂਤੀ ਪ੍ਰਦਾਨ ਕਰਦੇ ਹਨ। ਸਮਾਜ ਦੇ ਹਰੇਕ ਵਰਗ ਨੂੰ ਉਨ੍ਹਾਂ ਦੀ ਮਿਹਨਤ, ਹੁਨਰ ਅਤੇ ਯੋਗਦਾਨ ਦਾ ਸਤਿਕਾਰ ਕਰਨਾ ਚਾਹੀਦਾ ਹੈ। ਕੰਮਗਾਰਾਂ ਨੂੰ ਸਨਮਾਨ, ਸੁਰੱਖਿਆ ਅਤੇ ਬਿਹਤਰ ਮੌਕੇ ਪ੍ਰਦਾਨ ਕਰਨਾ ਸਾਡੀ ਸਾਂਝੀ ਜ਼ਿੰਮੇਵਾਰੀ ਹੈ।

ਉਨ੍ਹਾਂ ਕਿਹਾ ਕਿ ਭਗਵਾਨ ਵਿਸ਼ਵਕਰਮਾ ਜੀ ਦਾ ਪਾਵਨ ਦਿਹਾੜਾ ਸਾਨੂੰ ਆਪਣੇ ਕੰਮ ਪ੍ਰਤੀ ਨਿਸ਼ਠਾਵਾਨ ਰਹਿਣ, ਮਿਹਨਤ ਦਾ ਸਤਿਕਾਰ ਕਰਨ ਅਤੇ ਨਵੀਂ ਤਕਨਾਲੋਜੀ ਤੇ ਹੁਨਰ ਨੂੰ ਅਪਣਾ ਕੇ ਅੱਗੇ ਵਧਣ ਦਾ ਸੰਦੇਸ਼ ਦਿੰਦਾ ਹੈ। ਅੰਤ ਵਿੱਚ ਉਨ੍ਹਾਂ ਕਾਮਨਾ ਕੀਤੀ ਕਿ ਭਗਵਾਨ ਵਿਸ਼ਵਕਰਮਾ ਜੀ ਦੀ ਅਪਾਰ ਕਿਰਪਾ ਸਮੂਹ ਪੰਜਾਬ ਵਾਸੀਆਂ ’ਤੇ ਬਣੀ ਰਹੇ ਅਤੇ ਹਰ ਮਿਹਨਤਕਸ਼ ਪਰਿਵਾਰ ਦੇ ਜੀਵਨ ਵਿੱਚ ਖੁਸ਼ਹਾਲੀ ਆਵੇ।

ਬੰਦੀ ਛੋੜ ਦਿਵਸ



ਵਰਲਡ ਪੰਜਾਬੀ ਟਾਈਮਜ਼
ਪਰਮਬੀਰ ਕੌਰ ਰਿਆੜ

ਮੀਰੀ ਅਤੇ ਪੀਰੀ ਦੀਆਂ ਦੋ ਤਲਵਾਰਾਂ ਨੂੰ ਸਜਾਇਆ ਸੀ,
ਸੱਚੇ ਪਾਤਸ਼ਾਹ ਨੇ ਜ਼ੁਲਮ ਅੱਗੇ ਕਦੇ ਸੀਸ ਨਾ ਝੁਕਾਇਆ ਸੀ।

ਦੇਖ ਕੇ ਗੁਰੂ ਜੀ ਦੀ ਫ਼ੌਜ ਅਤੇ ਉੱਚੇ ਸ਼ਾਨ-ਓ-ਸ਼ੌਕਤ ਨੂੰ,
ਜਹਾਂਗੀਰ ਦੇ ਦਿਲ ਵਿੱਚ ਬਹੁਤ ਖ਼ੌਫ਼ ਸਮਾਇਆ ਸੀ।

ਦੁਸ਼ਟ ਜਹਾਂਗੀਰ ਨੇ ਛੇਵੇਂ ਪਾਤਸ਼ਾਹ ਨੂੰ ਕੈਦ ਕਰਵਾਇਆ ਸੀ,
ਗੁਰੂ ਜੀ ਦੀ ਚੜ੍ਹਦੀ ਕਲਾ ਦੇਖ ਮੁਗ਼ਲ ਹਾਕਮ ਘਬਰਾਇਆ ਸੀ।

ਕਈ ਸਾਲਾਂ ਤੋਂ ਨਜ਼ਰਬੰਦ ਸਨ ਜੋ ਬੇਵੱਸ ਰਾਜੇ ਓਥੇ,
ਉਨ੍ਹਾਂ ਦੀ ਕਿਸਮਤ ਦਾ ਸੂਰਜ ਗੁਰੂ ਜੀ ਦੇ ਆਉਣ ਨਾਲ ਚਮਕਾਇਆ ਸੀ।

ਜਿਹੜੇ ਭੁੱਲ ਚੁੱਕੇ ਸਨ ਆਸਾਂ ਅਤੇ ਜਿਉਣ ਦੀ ਚਾਹਤ ਨੂੰ,
ਦਾਤਾ ਨੇ ਓਥੇ ਜਾ ਕੇ ਉਨ੍ਹਾਂ ਦੇ ਹਿਰਦਿਆਂ ਨੂੰ ਠਾਰਿਆ ਸੀ।

ਡੇਢ ਸਾਲ ਬਾਅਦ ਜਦ ਰਿਹਾਈ ਦਾ ਫ਼ਰਮਾਨ ਸੁਣਾਇਆ ਸੀ,
ਅਖੀਰ ਆਪਣੀ ਗ਼ਲਤੀ ਉੱਤੇ ਉਹ ਬਹੁਤ ਪਛਤਾਇਆ ਸੀ।

ਛੇਵੇਂ ਪਾਤਸ਼ਾਹ ਨੇ ਇਕੱਲੇ ਰਿਹਾਈ ਦਾ ਫ਼ੁਰਮਾਨ ਠੁਕਰਾਇਆ ਸੀ,
ਬਵੰਜਾ ਰਾਜਿਆਂ ਦੀ ਰਿਹਾਈ ਬਾਰੇ ਆਖ ਸੁਣਾਇਆ ਸੀ।

ਜਹਾਂਗੀਰ ਨੇ ਗੁਰੂ ਜੀ ਦੇ ਫੈਸਲੇ ’ਤੇ ਇਤਰਾਜ਼ ਜਤਾਇਆ ਸੀ,
ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਬਹੁਤ ਸਮਝਾਇਆ ਸੀ।

ਪਰ ਕੇਵਲ ਹਮੇਸ਼ਾ ਸਿਫ਼ਰ ਨਤੀਜਾ ਹੀ ਉਸਨੇ ਪਾਇਆ ਸੀ,
ਜਹਾਂਗੀਰ ਨੇ ਸੋਚਿਆ ਸੀ ਕੋਈ ਰਾਜਾ ਨਿਕਲ ਨਹੀਂ ਪਾਵੇਗਾ,
ਪਰ ਗੁਰੂ ਜੀ ਨੇ ਆਪਣੀ ਸਮਝਦਾਰੀ ਸਦਕਾ ਉਸਦਾ ਹੰਕਾਰ ਮਿਟਾਇਆ ਸੀ।

ਗੁਰੂ ਜੀ ਦੇ ਦਾਮਨ ਨੂੰ ਪਕੜ ਕੇ ਜਾਣ ਲਈ ਸੁਣਾਇਆ ਸੀ,
ਗੁਰੂ ਜੀ ਨੇ ਬਵੰਜਾ ਕਲੀਆਂ ਵਾਲਾ ਚੋਲਾ ਸਿਲਾਇਆ ਸੀ।

ਦਰਜ਼ੀ ਵੀ ਹੈਰਾਨ ਸੀ ਗੁਰੂ ਜੀ ਦੀ ਰਹਿਮਤ ਨੂੰ ਦੇਖ ਕੇ,
ਜਿਸਨੇ ਅਜਿਹਾ ਅਲੌਕਿਕ ਚੋਲਾ ਰਾਤੋ-ਰਾਤ ਸਿਲਾਇਆ ਸੀ।

ਹਰ ਇੱਕ ਕਲੀ ਵਿੱਚੋਂ ਮੁਕਤੀ ਦੀ ਖੁਸ਼ਬੂ ਆਉਂਦੀ ਸੀ,
ਜਿਸਨੇ ਹੰਕਾਰੀ ਮੁਗ਼ਲ ਦਾ ਹਰ ਇੱਕ ਪਾਸਾ ਪਲਟਾਇਆ ਸੀ।

ਆਪਣੇ ਨਾਲ ਬਵੰਜਾ ਰਾਜਿਆਂ ਨੂੰ ਰਿਹਾਅ ਕਰਵਾਇਆ ਸੀ,
ਇੱਕ-ਇੱਕ ਕਲੀ ਨੂੰ ਫੜ ਕੇ ਜਦੋਂ ਬਾਹਰ ਆਏ ਸਭ ਰਾਜੇ,
ਸਾਰੇ ਕਿਲ੍ਹੇ ਵਿੱਚੋਂ ਉਦੋਂ ’ਸਤਿ ਸ੍ਰੀ ਅਕਾਲ’ ਦਾ ਜੈਕਾਰਾ ਗੂੰਜਿਆ ਸੀ।

ਹਰਿਮੰਦਰ ਸਾਹਿਬ ਦੀ ਧਰਤੀ ਪਲਕਾਂ ਵਿਛਾ ਕੇ ਬੈਠੀ ਸੀ,
ਬਾਬਾ ਬੁੱਢਾ ਜੀ ਨੇ ਸਾਰੀ ਨਗਰੀ ਨੂੰ ਦੁਲਹਨ ਵਾਂਗ ਸਜਾਇਆ ਸੀ।


ਫਿਰ ਸਿੱਖ ਸੰਗਤ ਨੇ ਬੰਦੀ ਛੋੜ ਦਿਵਸ ਮਨਾਇਆ ਸੀ,
ਖੁਸ਼ੀ ਵਿੱਚ ਸੰਗਤ ਨੇ ਦੀਵਿਆਂ ਨੂੰ ਘਰਾਂ ਵਿੱਚ ਜਗਾਇਆ ਸੀ।

ਚੌਕਾਂ ਅਤੇ ਗਲੀਆਂ ਵਿੱਚ ਘਿਓ ਦੇ ਦੀਵੇ ਬਾਲੇ ਸਨ,
ਸਾਰੀ ਨਗਰੀ ਨੇ ਰਲ ਖੁਸ਼ੀ ਦੇ ਗੀਤ ਨੂੰ ਗਾਇਆ ਸੀ।
ਆਪਣੀ ਇੱਕ ਨਿਵੇਕਲੀ ਪ੍ਰਸੰਨਤਾ ਨੂੰ ਦਰਸਾਇਆ ਸੀ ।

ਅੱਜ ਵੀ ਓਹੀ ਚਾਨਣ ਅੰਮ੍ਰਿਤਸਰ ਦੇ ਸਰੋਵਰ ’ਚੋਂ ਲਿਸ਼ਕਦਾ ਹੈ,
ਜਿਸਨੇ ਸਦੀਆਂ ਦੀ ਕਾਲੀ ਰਾਤ ਨੂੰ ਪਲ ਵਿੱਚ ਮਿਟਾਇਆ ਸੀ।

ਮੇਰੇ ਸਿਰ ਇਸ ਗੀਤ ਦੀ ਛਾਂ ਹੈ।

ਵਰਲਡ ਪੰਜਾਬੀ ਟਾਈਮਜ਼
ਗੁਰਭਜਨ ਗਿੱਲ



ਅਮਰਜੀਤ ਗੁਰਦਾਸਪੁਰੀ ਜੀ ਦੀ ਇਹ ਤਸਵੀਰ ਸਾਲ 2001 ਦੀ ਹੈ।
ਫੋਟੋ: ਤੇਜਪਰਤਾਪ ਸਿੰਘ ਸੰਧੂ

ਇਹ ਗੀਤ ਪ੍ਰਸਿੱਧ ਪੰਜਾਬੀ ਲੋਕ ਗਾਇਕ ਤੇ ਮਾਝੇ ਦੇ ਪ੍ਰਸਿੱਧ ਕਲਾ -ਧਰਮੀ ਅਮਰਜੀਤ ਗੁਰਦਾਸਪੁਰੀ ਜੀ ਦੇ ਮੂੰਹੋਂ ਸੁਣਦੇ ਰਹੇ। ਲਗਪਗ ਸੱਠ ਪੈਂਹਠ ਸਾਲ ਪਹਿਲਾਂ।

ਉਨ੍ਹਾਂ ਦਾ ਪਿੰਡ ਸਾਡੇ ਪਿੰਡ ਬਸੰਤਕੋਟ ਨੇੜੇ ਉੱਦੋਵਾਲੀ ਖੁਰਦ ਸੀ। ਤਿੰਨ ਕੁ ਕਿਲੋਮੀਟਰ ਹੱਦ ਚਾਰ। ਗੁਰਦਾਸਪੁਰੀ ਦੇ ਡੇਰੇ ਸਾਈਕਲ ਤੇ ਜਾਂਦਿਆਂ ਸਾਨੂੰ ਵੀਹ ਪੰਝੀ ਮਿੰਟ ਲੱਗਦੇ। ਨਖਾਸ਼ੂ ਨਾਲੇ ਦੇ ਕੰਢੇ ਪੈਲ਼ੀਆਂ ਵਿੱਚ ਹੀ ਉਸ ਦਾ ਡੇਰਾ ਸੀ। ਨਾ ਘਰ ਦੁਆਲੇ ਚਾਰ ਦੀਵਾਰੀ, ਨਾ ਰੂਹ ਦੁਆਲੇ। ਖੁੱਲ੍ਹਾ ਖਲਾਸ। ਜ਼ੈਲਦਾਰ ਦਾ ਪੁੱਤ ਪੇਤਰਾ ਹੋਣ ਦੇ ਬਾਵਜੂਦ ਨਿੱਕੀ ਉਮਰੇ ਸੁਰਖ ਸੋਚ ਵਿੱਚ ਰੰਗਿਆ ਗਿਆ। ਇਪਟਾ ਦੇ ਪੰਜਾਬ ਵਿੱਚ ਮੋਢੀਆਂ ਵਿੱਚੋਂ ਸੀ ਉਹ। ਤੇਰਾ ਸਿੰਘ ਚੰਨ, ਜੋਗਿੰਦਰ ਬਾਹਰਲਾ, ਨਹਿੰਦਰ ਦੇਸਾਂਝ, ਜਸਵੰਤ ਸਿੰਘ ਰਾਹੀ, ਪੰਜਾਬ ਦੀ ਕੋਇਲ ਸੁਰਿੰਦਰ ਕੌਰ, ਪ੍ਰੋ. ਨਿਰੰਜਨ ਸਿੰਘ ਮਾਨ ਦਾ ਸਾਥੀ।

1962-63 ਵਿੱਚ ਹੀ ਉਸਨੂੰ ਰੇਡੀਉ ਤੋਂ ਗਾਉਣ ਦਾ ਮੌਕਾ ਮਿਲ ਗਿਆ। ਇਹ ਗੀਤ ਰੇਡੀਓ ਤੋਂ ਅਨੇਕ ਵਾਰੀ ਪ੍ਰਸਾਰਤ ਹੋਇਆ।

ਇੱਕ ਵਾਰ ਮੈਂ ਗੁਰਦਾਸਪੁਰੀ ਜੀ ਨੂੰ ਪੁੱਛਿਆ ਕਿ ਇਹ ਗੀਤ ਕਿਸ ਸ਼ਾਇਰ ਨੇ ਲਿਖਿਐ?

ਉਨ੍ਹਾਂ ਦੱਸਿਆ ਕਿ ਬਾਬਾ ਬਕਾਲਾ ਸਾਹਿਬ ਵਿਖੇ ਸਾਡਾ ਇੱਕ ਸਨੇਹੀ ਪਰਿਵਾਰ ਸੀ। ਉਨ੍ਹਾਂ ਦਾ ਪਹਾੜੀਆ ਸੇਵਾਦਾਰ ਇਹ ਗੀਤ ਗੁਣਗੁਣਾ ਰਿਹਾ ਸੀ। ਬੋਲ ਕੁਝ ਵੱਖਰੇ ਸਨ ਪਰ ਤਰਜ਼ ਕਮਾਲ ਦੀ।

ਮੈਂ ਇਹ ਬੋਲ ਕਾਪੀ ਤੇ ਉਤਾਰ ਲਏ ਤੇ ਸਿੱਧਾ ਅੰਮ੍ਰਿਤਸਰ “ਕਵਿਤਾ “ ਮੈਗਜ਼ੀਨ ਦੇ ਸੰਪਾਦਕ ਕਰਤਾਰ ਸਿੰਘ ਬਲੱਗਣ ਜੀ ਕੋਲ ਜਾ ਵੱਜਾ।

ਗੀਤ ਸੁਣਾਇਆ ਤੇ ਉਹ ਅਸ਼ ਅਸ਼ ਕਰ ਉੱਠੇ ਤਰਜ਼ ਸੁਣ ਕੇ। ਕੁਝ ਦਿਨਾਂ ਬਾਦ ਉਸ ਗੀਤ ਵਿੱਚ ਕਈ ਸੋਧਾਂ ਤੇ ਸੋਧਾਂ ਕਰਕੇ ਮੈਨੂੰ ਡਾਕ ਵਿੱਚ ਭੇਜ ਦਿੱਤਾ।

ਗੀਤ ਪੜ੍ਹ ਕੇ ਮੈਨੂੰ ਚੈਨ ਨਾ ਆਇਆ। ਸਾਰੀ ਰਾਤ ਗੀਤ ਚੇਤੇ ਕਰਦਾ ਰਿਹਾ ਤੇ ਸਵੇਰੇ ਧਿਆਨਪੁਰੋਂ ਪਹਿਲੀ ਬੱਸ ਫੜ ਕੇ ਦਸ ਵੱਜਦੇ ਨੂੰ ਬਲੱਗਣ ਜੀ ਦੇ ਜਾ ਪੈਰ ਫੜੇ। ਇਕਤਾਰਾ ਮੇਰੇ ਬੈਗ ਵਿੱਚ ਸੀ। ਸੁਰ ਕਰਕੇ ਜਦ ਉਨ੍ਹਾ ਨੂੰ ਸੁਣਾਇਆ ਤਾਂ ਉਨ੍ਹਾਂ ਮੇਰਾ ਮੱਥਾ ਚੁੰਮਿਆ ਤੇ ਕਿਹਾ, ਜਾਹ, ਇਸ ਗੀਤ ਨਾਲ ਤੂੰ ਦੁਨੀਆ ਭਰ ਵਿੱਚ ਜਾਣਿਆਂ ਤੇ ਪਛਾਣਿਆ ਜਾਵੇਗਾ।

ਓਹੀ ਗੱਲ ਹੋਈ। ਮੈਂ ਇਹ ਗੀਤ ਰੇਡੀਉ ਤੇ ਗਾਇਆ ਤੇ ਘਰ ਘਰ ਪਹੁੰਚ ਗਿਆ। ਪੰਜਾਬੀ ਨਾਵਲਕਾਰ ਜਸਵੰਤ ਸਿੰਘ ਕੰਵਲ ਮੈਨੂੰ ਜਦ ਵੀ ਮੈਨੂੰ ਮਿਲਦੇ ਤਾਂ ਇਹ ਗੀਤ ਜ਼ਰੂਰ ਸੁਣਦੇ।

ਮੈਨੂੰ ਯਾਦ ਆਇਆ, ਸੱਚੀਂ 25 ਦਸੰਬਰ 1978 ਨੂੰ ਜਦ ਮੈਂ ਕਿਲ੍ਹਾ ਰਾਏਪੁਰ(ਲੁਧਿਆਣਾ) ਵਿੱਚ ਵਿਆਹੁਣ ਗਿਆ ਤਾਂ ਲਾਵਾਂ ਫੇਰਿਆ ਮਗਰੋਂ ਧੁੱਪ ਸੇਕਦਿਆਂ ਮੇਰੇ ਬਾਰਤੀ ਸ. ਜਸਵੰਤ ਸਿੰਘ ਕੰਵਲ, ਸ. ਸੁਬਾ ਸਿੰਘ, ਸਰਵਣ ਸਿੰਘ,ਸ਼ਮਸ਼ੇਰ ਸਿੰਘ ਸੰਧੂ, ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ, ਹਰਭਜਨ ਸਿੰਘ ਬਾਜਵਾ ਨੇ ਇਹ ਗੀਤ ਕੰਵਲ ਜੀ ਨੇ ਉਚੇਚਾ ਸੁਣਿਆ ਸੀ।

ਉਹ ਵਜਦ ਵਿੱਚ ਆ ਕੇ ਨਾਲ ਨਾਲ ਝੂਮ ਰਹੇ ਸਨ। ਵੱਖਰਾ ਆਲਮ ਤਾਰੀ ਸੀ। ਅੱਜ ਗੁਰਦਾਸਪੁਰੀ, ਕੰਵਲ, ਬਲੱਗਣ ਜੀ ਧਰਤੀ ਤੇ ਨਹੀਂ ਹਨ ਪਰ ਇਹ ਗੀਤ ਮੇਰੇ ਸਿਰ ਤੇ ਘਣਛਾਵਾਂ ਬਿਰਖ ਬਣ ਕੇ ਖੜ੍ਹਾ ਹੈ।

ਆਕਾਸ਼ਵਾਣੀ ਜਲੰਧਰ ਨੇ ਇਸ ਨੂੰ ਯੂ ਟਿਊਬ ਤੇ ਪਾ ਦਿੱਤਾ ਹੈ। ਉਥੋਂ ਸੁਣ ਕੇ ਹੀ ਇਸ ਦੀ ਪੜ੍ਹਤ ਤੁਹਾਡੇ ਲਈ ਲਿਖ ਕੇ ਸੰਭਾਲੀ ਹੈ। ਇਸ ਗੀਤ ਦੀ ਖੂਬਸੂਰਤੀ ਇਹ ਵੀ ਹੈ ਕਿ ਅਮਰਜੀਤ ਗੁਰਦਾਸਪੁਰੀ ਜੀ ਤੋਂ ਬਿਨਾ ਕਿਸੇ ਹੋਰ ਗਾਇਕ ਤੋਂ ਨਹੀਂ ਸੁਣਿਆ।

ਨਾ ਹੀ ਕਰਤਾਰ ਸਿੰਘ ਬਲੱਗਣ ਜੀ ਦੀ ਕਿਸੇ ਕਿਤਾਬ ਵਿੱਚੋਂ ਮਿਲ਼ਿਆ ਹੈ। ਤੁਹਾਡੀ ਸੇਵਾ ਵਿੱਚ ਇਹ ਗੀਤ ਹਾਜ਼ਰ ਹੈ।

ਚਿੱਟੀ ਚਿੱਟੀ ਪਗੜੀ

ਕਰਤਾਰ ਸਿੰਘ ਬਲੱਗਣ

ਚਿੱਟੀ ਚਿੱਟੀ ਪਗੜੀ ਤੇ ਘੁੱਟ ਘੁੱਟ ਬੰਨ੍ਹ ਵੇ,
ਭਲਾ ਵੇ ਮੈਨੂੰ ਤੇਰੀ ਸਹੁੰ ਈ,
ਵਿੱਚ ਵੇ ਗੁਲਾਬੀ ਫੁੱਲ ਟੰਗਿਆ ਕਰ।

ਤੇਰੇ ਪੈਰੀਂ ਜੁੱਤੀ ਚਾਨਣੀ ਤੇ ਰੁਮਾਲ ਹੱਥ ਲਾਲ ਸੂਹਾ,
ਵੇ ਭਲਾ ਮੈਨੂੰ ਤੇਰੀ ਸਹੁੰ ਈ,
ਸਾਡੀ ਵੀ ਗਲ਼ੀ ’ਚੋਂ ਕਦੇ ਲੱਘਿਆ ਕਰ।

ਤੇਰੇ ਨੀ ਅੱਗੇ ਚਰਖ਼ੀ ਤੇ ਪਿੱਛੇ ਪੀੜ੍ਹਾ ਲਾਲ,

ਭਲਾ ਨੀ ਮੈਨੂੰ ਤੇਰੀ ਸਹੁੰ ਈ,
ਬਹਿ ਕੇ ਪਰਛਾਵੇ ਨੀ ਤੂੰ ਕੱਤਿਆ ਕਰ।

ਨਿੱਕੀਆਂ ਨਿੱਕੀਆਂ ਉਂਗਲੀਆਂ ਵਿੱਚ ਛੱਲੇ ਛਾਪਾ ਮੁੰਦਰੀਆਂ,

ਭਲਾ ਨੀ ਮੈਨੂੰ ਤੇਰੀ ਸਹੁੰ ਈ,
ਚੀਚੀ ਦੇ ਹੁਲਾਰੇ ਤੰਦ ਸੁੱਟਿਆ ਕਰ।

ਵੇ ਬਾਗਾਂ ਦਿਆ ਭੌਰਿਆਂ ਨੂੰ ਚੁੱਪ ਚੰਗੀ ਫੱਬਦੀ ਨਹੀਂ,

ਭਲਾ ਵੇ ਮੈਨੂੰ ਤੇਰੀ ਸਹੁੰ ਈ,
ਫੁੱਲਾਂ ਵੱਲ ਵੇਖ ਕੇ ਤਾਂ ਹੌਂਸਿਆ ਕਰ।

ਤੂੰ ਨੀਵੀਂ ਪਾਈ ਰੱਖਦਾ ਏ ਨਿੱਤ ਸ਼ਰਮਾਕਲਾ ਵੇ,
ਭਲਾ ਵੇ ਮੈਨੂੰ ਤੇਰੀ ਸਹੁੰ ਈ,
ਸਾਡੇ ਵੀ ਬਨੇਰੇ ਵੱਲ ਤੱਕਿਆ ਕਰ।

ਜੇ ਭੁੱਲ ਜਾਵੇ ਰਾਣੀਏ ਨੀ ਕੋਈ ਤੇਰੀ ਗਲ਼ੀ ਵਿੱਚ,

ਭਲਾ ਨੀ ਮੈਨੂੰ ਤੇਰੀ ਸਹੁੰ ਈ,
ਰਾਹ ਭੁੱਲ੍ਹੇ ਰਾਹੀਆਂ ਨੂੰ ਤੂੰ ਦੱਸਿਆ ਕਰ।

ਤੇਹ ਲੱਗ ਜਾਂਦੀ ਨੀ ਤੇਰੇ ਰੂਪ ਦੀ ਦੁਪਹਿਰ ਵਿੱਚ,
ਭਲਾ ਨੀ ਮੈਨੂੰ ਤੇਰੀ ਸਹੁੰ ਈ,

ਪਾਣੀ ਦਾ ਵੀ ਘੁੱਟ ਕਦੇ
ਪੁੱਛਿਆ ਕਰ।

*ਪੰਜਾਬੀ ਮਾਂ-ਬੋਲੀ: ਧਰਮਾਂ ਦੀਆਂ ਹੱਦਾਂ ਤੇ ਸਰਹੱਦਾਂ ਤੋਂ ਪਾਰ ਸਾਡੀ ਸਾਂਝੀ ਵਿਰਾਸਤ



ਪੰਜਾਬੀ ਸਿਰਫ਼ ਸੰਚਾਰ ਦਾ ਸਾਧਨ ਨਹੀਂ, ਸਗੋਂ ਪੰਜਾਬ ਦੇ ਲੋਕ-ਜੀਵਨ, ਸੱਭਿਆਚਾਰ, ਇਤਿਹਾਸ ਅਤੇ ਸਾਂਝੀ ਯਾਦ ਦਾ ਅਹਿਮ ਹਿੱਸਾ ਹੈ। ਇਸ ਵਿੱਚ ਮਾਵਾਂ ਦੀਆਂ ਲੋਰੀਆਂ, ਕਿਸਾਨਾਂ ਦੇ ਗੀਤ, ਸੂਫ਼ੀਆਂ ਦੀਆਂ ਕਾਫ਼ੀਆਂ, ਕਿੱਸਾਕਾਰਾਂ ਦੀਆਂ ਕਥਾਵਾਂ, ਕਵੀਆਂ ਦੇ ਵਿਛੋੜੇ ਅਤੇ ਇਨਕਲਾਬੀਆਂ ਦੀ ਚੇਤਨਾ ਸਮਾਈ ਹੋਈ ਹੈ। ਇਸ ਲਈ ਪੰਜਾਬੀ ਦੀ ਵਿਰਾਸਤ ਨੂੰ ਕਿਸੇ ਇੱਕ ਧਰਮ, ਜਾਤ ਜਾਂ ਫ਼ਿਰਕੇ ਤੱਕ ਸੀਮਿਤ ਕਰਨਾ ਇਸ ਦੇ ਇਤਿਹਾਸ ਦੀ ਵਿਆਪਕਤਾ ਨੂੰ ਘਟਾ ਕੇ ਦੇਖਣਾ ਹੋਵੇਗਾ ਸਗੋਂ ਇਹ ਤਾਂ ਲਹਿੰਦੇ ਪੰਜਾਬ ਸ਼ਾਹਮੁਖੀ ਤੇ ਚੜ੍ਹਦੇ ਚ ਗੁਰਮੁਖੀ ਬਸ ਪਾਕਿਸਤਾਨੀ ਪੰਜਾਬੀ ਵੀ ਸਿੰਧੀ,ਮੁਲਤਾਨੀ ਆਦਿ ਲਹਿਜੇ ਤੇ ਸਾਡੇ ਪੰਜਾਬ ਚ ਪੁਆਦੀ, ਮਲਵਈ, ਦੁਆਬੀ, ਮਾਝੀ।

ਪੰਜਾਬੀ ਦੇ ਵਿਕਾਸ ਵਿੱਚ ਸਿੱਖ, ਹਿੰਦੂ ਅਤੇ ਮੁਸਲਮਾਨ ਭਾਈਚਾਰਿਆਂ ਦੇ ਨਾਲ-ਨਾਲ ਈਸਾਈ ਵਿਦਵਾਨਾਂ, ਪ੍ਰਕਾਸ਼ਕਾਂ ਅਤੇ ਹੋਰ ਸਮਾਜਿਕ ਧਾਰਾਵਾਂ ਨਾਲ ਜੁੜੇ ਲੋਕਾਂ ਨੇ ਵੀ ਵੱਖ-ਵੱਖ ਸਮਿਆਂ ’ਤੇ ਯੋਗਦਾਨ ਪਾਇਆ। ਪਰ ਇਤਿਹਾਸਕ ਇਨਸਾਫ਼ ਦੀ ਮੰਗ ਹੈ ਕਿ ਹਰ ਯੋਗਦਾਨ ਨੂੰ ਉਸ ਦੇ ਅਸਲ ਸੰਦਰਭ ਵਿੱਚ ਸਮਝਿਆ ਜਾਵੇ। ਕਿਸੇ ਵਿਅਕਤੀ ਦਾ ਪੰਜਾਬ ਵਿੱਚ ਜਨਮ ਲੈਣਾ, ਪੰਜਾਬੀ ਬੋਲਣਾ, ਪੰਜਾਬੀ ਵਿੱਚ ਲਿਖਣਾ ਅਤੇ ਪੰਜਾਬੀ ਸਾਹਿਤ ਦੇ ਵਿਕਾਸ ਵਿੱਚ ਸਿੱਧਾ ਯੋਗਦਾਨ ਪਾਉਣਾ—ਇਹ ਚਾਰ ਵੱਖ-ਵੱਖ ਗੱਲਾਂ ਹਨ।

ਇਸੇ ਤਰ੍ਹਾਂ ਭਾਸ਼ਾ, ਲਿਪੀ ਅਤੇ ਧਰਮ, ਦੇਸ਼ ਦੀ ਸਰਹੱਦਾਂ ਨੂੰ ਵੀ ਇੱਕੋ ਅਰਥ ਵਿੱਚ ਨਹੀਂ ਲੈਣਾ ਚਾਹੀਦਾ। ਪੰਜਾਬੀ ਗੁਰਮੁਖੀ ਅਤੇ ਸ਼ਾਹਮੁਖੀ ਦੋਵਾਂ ਵਿੱਚ ਲਿਖੀ ਜਾਂਦੀ ਹੈ। ਇਸ ਦਾ ਸਾਹਿਤਕ ਅਤੇ ਸੱਭਿਆਚਾਰਕ ਸੰਸਾਰ ਭਾਰਤੀ ਪੰਜਾਬ ਤੋਂ ਪਾਕਿਸਤਾਨੀ ਪੰਜਾਬ ਤੱਕ ਫੈਲਿਆ ਹੋਇਆ ਹੈ। ਪੰਜਾਬੀ ਦੀ ਅਸਲ ਤਾਕਤ ਇਸ ਦੀਆਂ ਵਿਭਿੰਨ ਪਰੰਪਰਾਵਾਂ ਅਤੇ ਸਾਂਝੇ ਲੋਕ-ਅਨੁਭਵਾਂ ਵਿੱਚ ਹੈ।

ਗੁਰੂ ਨਾਨਕ ਦੇਵ ਜੀ ਅਤੇ ਭਾਈ ਮਰਦਾਨਾ: ਸਾਂਝੀਵਾਲਤਾ ਦੀ ਜਿਉਂਦੀ ਜਾਗਦੀ ਉਦਾਹਰਨ ਏ ਪਰੰਪਰਾ

ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿੱਚ ਮਨੁੱਖੀ ਬਰਾਬਰੀ, ਸੱਚ, ਕਿਰਤ, ਨਿਮਰਤਾ ਅਤੇ ਸਾਂਝੀਵਾਲਤਾ ਦਾ ਸੰਦੇਸ਼ ਮਿਲਦਾ ਹੈ। ਉਨ੍ਹਾਂ ਦੀ ਬਾਣੀ ਦਾ ਲੋਕਾਂ ਦੀ ਸਮਝ ਵਾਲੀ ਭਾਸ਼ਾ ਵਿੱਚ ਪ੍ਰਗਟ ਹੋਣਾ ਇਸ ਦੀ ਵਿਆਪਕ ਪਹੁੰਚ ਦਾ ਮਹੱਤਵਪੂਰਨ ਪੱਖ ਸੀ। ਗੁਰੂ ਸਾਹਿਬ ਦੀ ਬਾਣੀ ਨੂੰ ਸਿਰਫ਼ ਧਾਰਮਿਕ ਉਪਦੇਸ਼ ਵਜੋਂ ਨਹੀਂ, ਸਗੋਂ ਪੰਜਾਬੀ ਦੇ ਭਾਸ਼ਾਈ, ਸੱਭਿਆਚਾਰਕ ਅਤੇ ਨੈਤਿਕ ਇਤਿਹਾਸ ਦੇ ਮਹੱਤਵਪੂਰਨ ਅੰਗ ਵਜੋਂ ਵੀ ਸਮਝਿਆ ਜਾ ਸਕਦਾ ਹੈ।

ਗੁਰੂ ਨਾਨਕ ਦੇਵ ਜੀ ਨਾਲ ਭਾਈ ਮਰਦਾਨਾ ਦਾ ਨਾਂ ਵਿਸ਼ੇਸ਼ ਸਤਿਕਾਰ ਨਾਲ ਲਿਆ ਜਾਂਦਾ ਹੈ। ਸਿੱਖ ਪਰੰਪਰਾ ਵਿੱਚ ਭਾਈ ਮਰਦਾਨਾ ਨੂੰ ਮੁਸਲਮਾਨ ਰਬਾਬੀ ਅਤੇ ਗੁਰੂ ਸਾਹਿਬ ਦੇ ਸੰਗੀ ਵਜੋਂ ਯਾਦ ਕੀਤਾ ਜਾਂਦਾ ਹੈ। ਰਬਾਬ ਅਤੇ ਬਾਣੀ ਦਾ ਇਹ ਸੰਗ ਸਾਨੂੰ ਯਾਦ ਦਿਵਾਉਂਦਾ ਹੈ ਕਿ ਰੂਹਾਨੀਅਤ, ਸੰਗੀਤ ਅਤੇ ਮਨੁੱਖੀ ਸਬੰਧਾਂ ਨੂੰ ਧਾਰਮਿਕ ਵੰਡਾਂ ਵਿੱਚ ਪੂਰੀ ਤਰ੍ਹਾਂ ਸਮੇਟਣਾਂ ਠੀਕ ਨਹੀਂ,

ਭਾਈ ਬਾਲਾ ਦਾ ਨਾਂ ਵੀ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਜਨਮਸਾਖੀ ਪਰੰਪਰਾ ਵਿੱਚ ਆਉਂਦਾ ਹੈ। ਪਰ ਇਸ ਮਾਮਲੇ ਵਿੱਚ ਇਤਿਹਾਸਕ ਸਾਵਧਾਨੀ ਲਾਜ਼ਮੀ ਹੈ। ਭਾਈ ਬਾਲਾ ਜਨਮਸਾਖੀ ਦੀ ਪਰੰਪਰਾ ਉਨ੍ਹਾਂ ਨੂੰ ਗੁਰੂ ਸਾਹਿਬ ਦਾ ਸਾਥੀ ਦੱਸਦੀ ਹੈ, ਜਦਕਿ ਕੁਝ ਵਿਦਵਾਨ ਇਸ ਬਿਰਤਾਂਤ ਦੀ ਇਤਿਹਾਸਕ ਪ੍ਰਮਾਣਿਕਤਾ ਅਤੇ ਭਾਈ ਬਾਲਾ ਦੀ ਭੂਮਿਕਾ ਬਾਰੇ ਸਵਾਲ ਉਠਾਉਂਦੇ ਹਨ। ਇਸ ਲਈ ਉਨ੍ਹਾਂ ਦਾ ਜ਼ਿਕਰ ਜਨਮਸਾਖੀ ਪਰੰਪਰਾ ਦੇ ਹਵਾਲੇ ਨਾਲ ਕਰਨਾ ਵਧੇਰੇ ਠੀਕ ਹੈ; ਉਨ੍ਹਾਂ ਦੀ ਇਤਿਹਾਸਕ ਭੂਮਿਕਾ ਨੂੰ ਨਿਰਵਿਵਾਦ ਤੱਥ ਵਜੋਂ ਪੇਸ਼ ਕਰਨਾ ਉਚਿਤ ਨਹੀਂ।

ਇਨ੍ਹਾਂ ਪ੍ਰਸੰਗਾਂ ਦਾ ਕੇਂਦਰੀ ਸੰਦੇਸ਼ ਇਹ ਹੈ ਕਿ ਪੰਜਾਬ ਦੀ ਧਾਰਮਿਕ ਅਤੇ ਸੱਭਿਆਚਾਰਕ ਯਾਦ ਵਿੱਚ ਆਪਸੀ ਸੰਗਤ, ਸੰਗੀਤ ਅਤੇ ਮਨੁੱਖੀ ਸਾਂਝ ਨੂੰ ਮਹੱਤਵਪੂਰਨ ਥਾਂ ਮਿਲੀ ਹੈ।

ਪੰਜਾਬੀ ਅਤੇ ਹਿੰਦੂ ਸਮਾਜ: ਭਾਸ਼ਾ, ਲੋਕ-ਜੀਵਨ ਅਤੇ ਸਾਹਿਤ

ਪੰਜਾਬ ਦੇ ਹਿੰਦੂ ਪਰਿਵਾਰਾਂ ਅਤੇ ਭਾਈਚਾਰਿਆਂ ਦਾ ਪੰਜਾਬੀ ਨਾਲ ਰਿਸ਼ਤਾ ਘਰਾਂ ਦੀ ਬੋਲੀ, ਲੋਕ-ਗੀਤਾਂ, ਕਿੱਸਿਆਂ, ਵਿਆਹ-ਸ਼ਾਦੀ ਦੀਆਂ ਰਸਮਾਂ ਅਤੇ ਸਮਾਜਿਕ ਜੀਵਨ ਵਿੱਚ ਵੇਖਿਆ ਜਾ ਸਕਦਾ ਹੈ। ਪੰਜਾਬੀ ਦੀ ਲੋਕ-ਵਿਰਾਸਤ ਕਿਸੇ ਇੱਕ ਧਾਰਮਿਕ ਸਮੂਹ ਦੀ ਮਲਕੀਅਤ ਨਹੀਂ। ਵੱਖ-ਵੱਖ ਭਾਈਚਾਰਿਆਂ ਨੇ ਆਪਣੇ ਜੀਵਨ-ਅਨੁਭਵਾਂ ਰਾਹੀਂ ਇਸ ਨੂੰ ਅੱਗੇ ਵਧਾਇਆ ਹੈ।

ਇਸ ਸੰਦਰਭ ਵਿੱਚ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਭਗਤ ਬਾਣੀ ਦਾ ਜ਼ਿਕਰ ਮਹੱਤਵਪੂਰਨ ਹੈ। ਇਸ ਵਿੱਚ ਭਗਤ ਨਾਮਦੇਵ, ਭਗਤ ਰਵਿਦਾਸ ਅਤੇ ਹੋਰ ਭਗਤਾਂ ਦੀ ਬਾਣੀ ਸ਼ਾਮਲ ਹੈ। ਇਹ ਬਾਣੀ ਵੱਖ-ਵੱਖ ਸੰਤ-ਪਰੰਪਰਾਵਾਂ ਅਤੇ ਭਾਸ਼ਾਈ ਰੂਪਾਂ ਨਾਲ ਸੰਬੰਧਿਤ ਹੈ। ਵਿਦਵਾਨਾਂ ਨੇ ਭਗਤ ਬਾਣੀ ਦੀ ਰਚਨਾ, ਭਾਸ਼ਾ ਅਤੇ ਸੰਚਾਰ-ਪਰੰਪਰਾ ਬਾਰੇ ਵਿਸਥਾਰ ਨਾਲ ਅਧਿਐਨ ਕੀਤਾ ਹੈ।

ਇਸ ਲਈ ਇਹ ਕਹਿਣਾ ਠੀਕ ਨਹੀਂ ਹੋਵੇਗਾ ਕਿ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੋਣ ਕਰਕੇ ਇਨ੍ਹਾਂ ਸਾਰੇ ਭਗਤਾਂ ਨੇ ਮੂਲ ਰੂਪ ਵਿੱਚ ਪੰਜਾਬੀ ਜਾਂ ਗੁਰਮੁਖੀ ਵਿੱਚ ਹੀ ਲਿਖਿਆ ਸੀ। ਕਿਸੇ ਰਚਨਾ ਦਾ ਮੂਲ ਭਾਸ਼ਾਈ ਰੂਪ, ਉਸ ਦਾ ਬਾਅਦ ਵਿੱਚ ਸੰਕਲਨ ਅਤੇ ਉਸ ਨੂੰ ਲਿਖਣ ਲਈ ਵਰਤੀ ਗਈ ਲਿਪੀ—ਇਹ ਵੱਖਰੇ ਇਤਿਹਾਸਕ ਸਵਾਲ ਹਨ।

ਇੱਥੇ ਮੁੱਖ ਗੱਲ ਇਹ ਹੈ ਕਿ ਗੁਰੂ ਗ੍ਰੰਥ ਸਾਹਿਬ ਵਿੱਚ ਵੱਖ-ਵੱਖ ਸੰਤ-ਪਰੰਪਰਾਵਾਂ ਦੀ ਬਾਣੀ ਨੂੰ ਥਾਂ ਮਿਲਣਾ ਭਾਰਤੀ ਭਗਤੀ ਪਰੰਪਰਾ ਦੇ ਵਿਸ਼ਾਲ ਸੰਵਾਦ ਦੀ ਮਹੱਤਵਪੂਰਨ ਮਿਸਾਲ ਹੈ। ਇਸ ਵਿਰਾਸਤ ਦਾ ਸਤਿਕਾਰ ਕਰਦਿਆਂ ਸਾਨੂੰ ਨਾ ਤਾਂ ਕਿਸੇ ਭਗਤ ਦੀ ਭਾਸ਼ਾਈ ਪਛਾਣ ਬਾਰੇ ਬੇਸਬੂਤ ਦਾਅਵਾ ਕਰਨਾ ਚਾਹੀਦਾ ਹੈ ਅਤੇ ਨਾ ਹੀ ਉਸ ਦੇ ਵਿਚਾਰਾਂ ਦੀ ਮਹੱਤਤਾ ਨੂੰ ਘਟਾਉਣਾ ਚਾਹੀਦਾ ਹੈ।

ਈਸਾਈ ਮਿਸ਼ਨਰੀਆਂ ਅਤੇ ਪੰਜਾਬੀ ਛਪਾਈ ਦਾ ਇਤਿਹਾਸ

ਪੰਜਾਬੀ ਦੇ ਆਧੁਨਿਕ ਛਪਾਈ-ਇਤਿਹਾਸ ਵਿੱਚ ਈਸਾਈ ਮਿਸ਼ਨਰੀ ਸੰਸਥਾਵਾਂ ਦਾ ਇੱਕ ਦਸਤਾਵੇਜ਼ੀ ਯੋਗਦਾਨ ਹੈ। ਲੁਧਿਆਣਾ ਵਿੱਚ 1835 ਵਿੱਚ ਸਥਾਪਿਤ ਲੁਧਿਆਣਾ ਮਿਸ਼ਨ ਪ੍ਰੈੱਸ ਨੇ ਪੰਜਾਬੀ ਵਿੱਚ ਛਪਾਈ ਦੇ ਵਿਕਾਸ ਵਿੱਚ ਭੂਮਿਕਾ ਨਿਭਾਈ। ਇਸ ਨਾਲ ਜੁੜੇ ਪ੍ਰਕਾਸ਼ਨ ਧਾਰਮਿਕ ਸਾਹਿਤ ਦੇ ਨਾਲ-ਨਾਲ ਪੰਜਾਬੀ ਲਿਖਤ ਅਤੇ ਛਪਾਈ ਦੇ ਇਤਿਹਾਸ ਨੂੰ ਸਮਝਣ ਲਈ ਵੀ ਮਹੱਤਵ ਰੱਖਦੇ ਹਨ।

ਇਸ ਤੱਥ ਨੂੰ ਪੇਸ਼ ਕਰਦਿਆਂ ਦੋ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ। ਪਹਿਲੀ, ਮਿਸ਼ਨਰੀ ਛਪਾਈ ਪੰਜਾਬੀ ਦੇ ਵਿਕਾਸ ਦਾ ਇੱਕ ਮਹੱਤਵਪੂਰਨ ਪੱਖ ਸੀ, ਪਰ ਪੰਜਾਬੀ ਦੀ ਪੂਰੀ ਸਾਹਿਤਕ ਪਰੰਪਰਾ ਉਸ ਨਾਲ ਸ਼ੁਰੂ ਨਹੀਂ ਹੋਈ। ਦੂਜੀ, ਕਿਸੇ ਸੰਸਥਾ ਦਾ ਪੰਜਾਬੀ ਵਿੱਚ ਛਪਾਈ ਕਰਨਾ ਅਤੇ ਪੰਜਾਬੀ ਦੇ ਹਰ ਪੱਖ ਨੂੰ ਉਤਸ਼ਾਹਿਤ ਕਰਨਾ ਇੱਕੋ ਗੱਲ ਨਹੀਂ। ਇਤਿਹਾਸਕ ਮੁਲਾਂਕਣ ਲਈ ਉਸ ਦੇ ਵੱਖ-ਵੱਖ ਪ੍ਰਕਾਸ਼ਨਾਂ, ਉਦੇਸ਼ਾਂ ਅਤੇ ਭਾਸ਼ਾਈ ਯੋਗਦਾਨ ਨੂੰ ਵੱਖਰੇ ਤੌਰ ’ਤੇ ਦੇਖਣਾ ਚਾਹੀਦਾ ਹੈ।

ਜੈਨ ਅਤੇ ਬੋਧੀ ਪਰੰਪਰਾਵਾਂ ਦਾ ਇਤਿਹਾਸਕ ਸਾਹਿਤ ਮੁੱਖ ਤੌਰ ’ਤੇ ਪ੍ਰਾਕ੍ਰਿਤ, ਪਾਲੀ, ਸੰਸਕ੍ਰਿਤ ਅਤੇ ਹੋਰ ਭਾਸ਼ਾਵਾਂ ਨਾਲ ਜੁੜਿਆ ਰਿਹਾ ਹੈ। ਇਸ ਲਈ ਬਿਨਾਂ ਵਿਸ਼ੇਸ਼ ਸਬੂਤਾਂ ਦੇ ਉਨ੍ਹਾਂ ਨੂੰ ਪੰਜਾਬੀ ਸਾਹਿਤ ਦੇ ਸਿੱਧੇ ਰਚਨਹਾਰਾਂ ਦੀ ਸੂਚੀ ਵਿੱਚ ਸ਼ਾਮਲ ਕਰਨਾ ਠੀਕ ਨਹੀਂ ਹੋਵੇਗਾ। ਹਾਂ, ਅਹਿੰਸਾ, ਦਇਆ, ਸਹਿਣਸ਼ੀਲਤਾ ਅਤੇ ਜੀਵ-ਮਾਤਰ ਪ੍ਰਤੀ ਸਤਿਕਾਰ ਵਰਗੇ ਵਿਚਾਰਾਂ ਦਾ ਵਿਆਪਕ ਭਾਰਤੀ ਬੌਧਿਕ ਜਗਤ ਨਾਲ ਸੰਬੰਧ ਜ਼ਰੂਰ ਹੈ। ਇਨ੍ਹਾਂ ਵਿਚਾਰਾਂ ਅਤੇ ਪੰਜਾਬੀ ਸਾਹਿਤ ਵਿਚਕਾਰ ਸਬੰਧ ਦੀ ਗੱਲ ਕਰਦਿਆਂ ਖ਼ਾਸ ਰਚਨਾਵਾਂ ਜਾਂ ਇਤਿਹਾਸਕ ਉਦਾਹਰਨਾਂ ਦੇਣਾ ਹੋਰ ਵੀ ਭਰੋਸੇਯੋਗ ਪਹੁੰਚ ਹੋਵੇਗੀ।

ਸਵਾਮੀ ਵਿਵੇਕਾਨੰਦ ਅਤੇ ਮਹਾਤਮਾ ਗਾਂਧੀ: ਵਿਚਾਰਾਂ ਦਾ ਪ੍ਰਭਾਵ, ਸਿੱਧਾ ਸਾਹਿਤਕ ਯੋਗਦਾਨ ਨਹੀਂ

ਸਵਾਮੀ ਵਿਵੇਕਾਨੰਦ ਅਤੇ ਮਹਾਤਮਾ ਮੋਹਨਦਾਸ ਕਰਮਚੰਦ ਗਾਂਧੀ ਭਾਰਤੀ ਇਤਿਹਾਸ ਦੀਆਂ ਮਹੱਤਵਪੂਰਨ ਸ਼ਖ਼ਸੀਅਤਾਂ ਹਨ। ਵਿਵੇਕਾਨੰਦ ਨੇ ਮਨੁੱਖੀ ਸੇਵਾ, ਧਾਰਮਿਕ ਸਹਿਣਸ਼ੀਲਤਾ ਅਤੇ ਆਤਮ-ਵਿਸ਼ਵਾਸ ਬਾਰੇ ਵਿਚਾਰ ਪੇਸ਼ ਕੀਤੇ। ਗਾਂਧੀ ਨੇ ਲੋਕਾਂ ਨਾਲ ਸੰਚਾਰ, ਜਨ-ਭਾਗੀਦਾਰੀ ਅਤੇ ਭਾਰਤੀ ਭਾਸ਼ਾਵਾਂ ਦੇ ਮਹੱਤਵ ਬਾਰੇ ਆਪਣੀ ਰਾਜਨੀਤਿਕ ਤੇ ਸਮਾਜਿਕ ਸਰਗਰਮੀ ਰਾਹੀਂ ਚਰਚਾ ਨੂੰ ਪ੍ਰਭਾਵਿਤ ਕੀਤਾ।

ਪਰ ਦੋਵਾਂ ਨੂੰ ਪੰਜਾਬੀ ਸਾਹਿਤ ਦੇ ਸਿੱਧੇ ਰਚਨਕਾਰ ਵਜੋਂ ਪੇਸ਼ ਕਰਨਾ ਇਤਿਹਾਸਕ ਤੌਰ ’ਤੇ ਸਹੀ ਨਹੀਂ ਹੋਵੇਗਾ। ਉਨ੍ਹਾਂ ਦਾ ਜ਼ਿਕਰ ਪੰਜਾਬੀ ਮਾਂ-ਬੋਲੀ ਬਾਰੇ ਲੇਖ ਵਿੱਚ ਇੱਕ ਵਿਆਪਕ ਭਾਰਤੀ ਵਿਚਾਰਧਾਰਕ ਸੰਦਰਭ ਵਜੋਂ ਕੀਤਾ ਜਾ ਸਕਦਾ ਹੈ—ਇਸ ਗੱਲ ਦੀ ਮਿਸਾਲ ਵਜੋਂ ਕਿ ਮਨੁੱਖੀ ਏਕਤਾ ਅਤੇ ਲੋਕਾਂ ਨਾਲ ਉਨ੍ਹਾਂ ਦੀਆਂ ਆਪਣੀਆਂ ਭਾਸ਼ਾਵਾਂ ਵਿੱਚ ਸੰਵਾਦ ਕਿੰਨਾ ਮਹੱਤਵਪੂਰਨ ਹੈ।

ਕਿਸੇ ਵਿਚਾਰਕ ਦੀ ਮਹੱਤਤਾ ਸਵੀਕਾਰ ਕਰਨ ਲਈ ਉਸ ਨੂੰ ਪੰਜਾਬੀ ਦਾ ਲੇਖਕ ਸਾਬਤ ਕਰਨਾ ਜ਼ਰੂਰੀ ਨਹੀਂ। ਉਸ ਦੇ ਵਿਚਾਰਾਂ ਅਤੇ ਪੰਜਾਬੀ ਸਮਾਜ ਵਿਚਕਾਰ ਸਬੰਧ ਨੂੰ ਸਹੀ ਹੱਦਾਂ ਵਿੱਚ ਰੱਖਣਾ ਹੀ ਇਤਿਹਾਸ ਪ੍ਰਤੀ ਇਮਾਨਦਾਰੀ ਹੈ।

ਸ਼ਹੀਦ ਭਗਤ ਸਿੰਘ: ਪੰਜਾਬੀ ਪੱਤਰਕਾਰੀ, ਸਮਾਜਿਕ ਚੇਤਨਾ ਅਤੇ ਫ਼ਿਰਕੂ ਸਾਂਝ

ਸ਼ਹੀਦ-ਏ-ਆਜ਼ਮ ਭਗਤ ਸਿੰਘ ਪੰਜਾਬ ਦੇ ਇਤਿਹਾਸ ਵਿੱਚ ਇਨਕਲਾਬੀ ਸੰਘਰਸ਼ ਦੇ ਨਾਲ-ਨਾਲ ਲੇਖਕ ਅਤੇ ਵਿਚਾਰਕ ਵਜੋਂ ਵੀ ਯਾਦ ਕੀਤੇ ਜਾਂਦੇ ਹਨ। ਉਨ੍ਹਾਂ ਦੀ ਲਿਖਤ ਵਿੱਚ ਸਮਾਜਿਕ ਅਨਿਆਂ, ਛੂਆਛੂਤ ਅਤੇ ਫ਼ਿਰਕੂ ਰਾਜਨੀਤੀ ਬਾਰੇ ਸਪੱਸ਼ਟ ਚਿੰਤਾ ਦਿਖਾਈ ਦਿੰਦੀ ਹੈ।

ਜੂਨ 1928 ਦੇ ਕੀਰਤੀ ਰਸਾਲੇ ਵਿੱਚ ਉਨ੍ਹਾਂ ਦਾ ਲੇਖ “ਫ਼ਿਰਕੂ ਦੰਗੇ ਅਤੇ ਉਨ੍ਹਾਂ ਦਾ ਇਲਾਜ” ਪ੍ਰਕਾਸ਼ਿਤ ਹੋਇਆ ਸੀ। ਉਨ੍ਹਾਂ ਦੀ ਇਸ ਲਿਖਤ ਵਿੱਚ ਫ਼ਿਰਕੂ ਤਣਾਅ ਪੈਦਾ ਕਰਨ ਵਾਲੀਆਂ ਰਾਜਨੀਤਿਕ ਅਤੇ ਸਮਾਜਿਕ ਤਾਕਤਾਂ ਬਾਰੇ ਵਿਚਾਰ ਕੀਤਾ ਗਿਆ। ਭਗਤ ਸਿੰਘ ਦੀ ਇਸ ਲਿਖਤ ਦਾ ਹਵਾਲਾ ਉਨ੍ਹਾਂ ਦੀ ਧਰਮ-ਆਧਾਰਿਤ ਵੰਡ ਪ੍ਰਤੀ ਆਲੋਚਨਾਤਮਕ ਸੋਚ ਨੂੰ ਸਮਝਣ ਲਈ ਦਿੱਤਾ ਜਾ ਸਕਦਾ ਹੈ।

ਪਰ ਇੱਥੇ ਵੀ ਤੱਥਾਂ ਦੀ ਹੱਦ ਕਾਇਮ ਰੱਖਣੀ ਚਾਹੀਦੀ ਹੈ। ਇਸ ਲੇਖ ਤੋਂ ਇਹ ਸਿੱਧਾ ਸਿੱਟਾ ਨਹੀਂ ਕੱਢਿਆ ਜਾ ਸਕਦਾ ਕਿ ਭਗਤ ਸਿੰਘ ਨੇ ਪੰਜਾਬੀ ਮਾਂ-ਬੋਲੀ ਬਾਰੇ ਕੋਈ ਖ਼ਾਸ ਸਿਧਾਂਤ ਪੇਸ਼ ਕੀਤਾ ਸੀ। ਜੇ ਉਨ੍ਹਾਂ ਦੇ ਭਾਸ਼ਾ-ਸੰਬੰਧੀ ਵਿਚਾਰਾਂ ਬਾਰੇ ਕੋਈ ਖ਼ਾਸ ਦਾਅਵਾ ਕਰਨਾ ਹੋਵੇ, ਤਾਂ ਉਨ੍ਹਾਂ ਦੀ ਕਿਸੇ ਪ੍ਰਮਾਣਿਤ ਲਿਖਤ, ਪੱਤਰ ਜਾਂ ਭਾਸ਼ਣ ਦਾ ਹਵਾਲਾ ਦੇਣਾ ਜ਼ਰੂਰੀ ਹੈ।

ਇਸ ਦੇ ਬਾਵਜੂਦ, ਭਗਤ ਸਿੰਘ ਦੀ ਲਿਖਤ ਅਤੇ ਸਮਾਜਿਕ ਚੇਤਨਾ ਦਾ ਜ਼ਿਕਰ ਇਸ ਲੇਖ ਵਿੱਚ ਢੁਕਵਾਂ ਹੈ, ਕਿਉਂਕਿ ਪੰਜਾਬੀ ਮਾਂ-ਬੋਲੀ ਦੀ ਗੱਲ ਕਰਦਿਆਂ ਲੋਕਾਂ ਨੂੰ ਵੰਡਣ ਦੀ ਬਜਾਏ ਉਨ੍ਹਾਂ ਨੂੰ ਜੋੜਨ ਵਾਲੇ ਵਿਚਾਰਾਂ ਦੀ ਮਹੱਤਤਾ ਵੀ ਸਮਝਣੀ ਲਾਜ਼ਮੀ ਹੈ।

ਬਾਬਾ ਫ਼ਰੀਦ, ਬੁੱਲ੍ਹੇ ਸ਼ਾਹ ਅਤੇ ਬਾਬਾ ਨਜ਼ਮੀ: ਪੰਜਾਬੀ ਦੀ ਸਰਹੱਦ-ਪਾਰ ਆਵਾਜ਼

ਪੰਜਾਬੀ ਸੂਫ਼ੀ ਕਵਿਤਾ ਨੇ ਭਾਸ਼ਾ ਨੂੰ ਰੂਹਾਨੀ ਅਨੁਭਵ, ਮਨੁੱਖੀ ਪਿਆਰ ਅਤੇ ਸਮਾਜਿਕ ਆਲੋਚਨਾ ਦਾ ਮਾਧਿਅਮ ਬਣਾਇਆ। ਬਾਬਾ ਫ਼ਰੀਦ ਦੀ ਬਾਣੀ ਪੰਜਾਬੀ ਦੀ ਸਾਹਿਤਕ ਵਿਰਾਸਤ ਵਿੱਚ ਵਿਸ਼ੇਸ਼ ਥਾਂ ਰੱਖਦੀ ਹੈ। ਉਨ੍ਹਾਂ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿੱਚ ਸੰਭਾਲਿਆ ਜਾਣਾ ਵੀ ਪੰਜਾਬ ਦੇ ਧਾਰਮਿਕ ਅਤੇ ਸਾਹਿਤਕ ਇਤਿਹਾਸ ਦਾ ਮਹੱਤਵਪੂਰਨ ਪੱਖ ਹੈ।

ਬੁੱਲ੍ਹੇ ਸ਼ਾਹ ਦੀ ਕਵਿਤਾ ਵਿੱਚ ਰੂਹਾਨੀ ਖੋਜ, ਮਨੁੱਖੀ ਪਿਆਰ ਅਤੇ ਸਮਾਜਿਕ ਪਖੰਡ ਦੀ ਆਲੋਚਨਾ ਮਿਲਦੀ ਹੈ। ਉਨ੍ਹਾਂ ਦੀਆਂ ਕਾਫ਼ੀਆਂ ਪੰਜਾਬੀ ਦੀ ਸਾਂਝੀ ਸਾਹਿਤਕ ਯਾਦ ਦਾ ਹਿੱਸਾ ਬਣ ਚੁੱਕੀਆਂ ਹਨ। ਉਨ੍ਹਾਂ ਨੂੰ ਕਿਸੇ ਇੱਕ ਅਜੋਕੇ ਰਾਸ਼ਟਰੀ ਜਾਂ ਧਾਰਮਿਕ ਖਾਨੇ ਵਿੱਚ ਬੰਨ੍ਹਣ ਦੀ ਬਜਾਏ ਉਨ੍ਹਾਂ ਦੇ ਇਤਿਹਾਸਕ ਸੰਦਰਭ ਅਤੇ ਕਾਵਿ-ਵਿਰਾਸਤ ਵਿੱਚ ਸਮਝਣਾ ਚਾਹੀਦਾ ਹੈ।

ਬਾਬਾ ਨਜ਼ਮੀ ਪਾਕਿਸਤਾਨੀ ਪੰਜਾਬ ਨਾਲ ਸੰਬੰਧਿਤ ਸਮਕਾਲੀ ਪੰਜਾਬੀ ਕਵੀ ਹਨ। ਉਨ੍ਹਾਂ ਦੀ ਕਵਿਤਾ ਦਾ ਜ਼ਿਕਰ ਲਹਿੰਦੇ ਪੰਜਾਬ ਦੀ ਆਧੁਨਿਕ ਪੰਜਾਬੀ ਸਾਹਿਤਕ ਧਾਰਾ ਦੇ ਸੰਦਰਭ ਵਿੱਚ ਕੀਤਾ ਜਾ ਸਕਦਾ ਹੈ। ਉਨ੍ਹਾਂ ਦੀਆਂ ਰਚਨਾਵਾਂ ਅਤੇ ਉਨ੍ਹਾਂ ਦੇ ਸਮਾਜਿਕ ਵਿਚਾਰਾਂ ਨੂੰ ਸਮਝਣ ਲਈ ਖ਼ਾਸ ਕਵਿਤਾਵਾਂ ਅਤੇ ਪ੍ਰਕਾਸ਼ਿਤ ਰਚਨਾਵਾਂ ਦਾ ਹਵਾਲਾ ਦੇਣਾ ਹੋਰ ਵੀ ਮਜ਼ਬੂਤ ਆਧਾਰ ਹੋਵੇਗਾ।

ਇਨ੍ਹਾਂ ਕਵੀਆਂ ਨੂੰ ਇੱਕੋ ਜਿਹੇ ਇਤਿਹਾਸਕ ਸਮੇਂ ਜਾਂ ਇੱਕੋ ਵਿਚਾਰਧਾਰਾ ਨਾਲ ਜੋੜਨਾ ਠੀਕ ਨਹੀਂ। ਬਾਬਾ ਫ਼ਰੀਦ, ਬੁੱਲ੍ਹੇ ਸ਼ਾਹ ਅਤੇ ਬਾਬਾ ਨਜ਼ਮੀ ਵੱਖ-ਵੱਖ ਦੌਰਾਂ ਦੇ ਕਵੀ ਹਨ। ਉਨ੍ਹਾਂ ਦੀ ਸਾਂਝ ਇਸ ਗੱਲ ਵਿੱਚ ਹੈ ਕਿ ਉਨ੍ਹਾਂ ਦੀ ਕਵਿਤਾ ਪੰਜਾਬੀ ਵਿੱਚ ਰੂਹਾਨੀ, ਮਨੁੱਖੀ ਜਾਂ ਸਮਾਜਿਕ ਅਨੁਭਵਾਂ ਨੂੰ ਪ੍ਰਗਟ ਕਰਨ ਵਾਲੀ ਵੱਡੀ ਸਾਹਿਤਕ ਪਰੰਪਰਾ ਨਾਲ ਜੁੜਦੀ ਹੈ।

ਗੁਰਮੁਖੀ ਅਤੇ ਸ਼ਾਹਮੁਖੀ ਵਿੱਚ ਲਿਖੇ ਜਾਂਦੇ ਪੰਜਾਬੀ ਸਾਹਿਤ ਦਾ ਸਾਂਝਾ ਅਧਿਐਨ ਇਸ ਵਿਰਾਸਤ ਨੂੰ ਹੋਰ ਵਿਆਪਕ ਤਰੀਕੇ ਨਾਲ ਸਮਝਣ ਵਿੱਚ ਮਦਦ ਕਰ ਸਕਦਾ ਹੈ। ਭਾਸ਼ਾ ਦੀ ਇਹ ਸਾਂਝ ਸਰਹੱਦਾਂ ਦੇ ਇਨਕਾਰ ਨਾਲੋਂ ਵੱਧ, ਉਨ੍ਹਾਂ ਤੋਂ ਪਾਰ ਸੱਭਿਆਚਾਰਕ ਰਿਸ਼ਤਿਆਂ ਨੂੰ ਪਛਾਣਨ ਦਾ ਸੱਦਾ ਹੈ।

ਭਾਈ ਵੀਰ ਸਿੰਘ ਤੋਂ ਪ੍ਰੋ. ਮੋਹਨ ਸਿੰਘ, ਸ਼ਿਵ ਕੁਮਾਰ ਬਟਾਲਵੀ ਅਤੇ ਸੰਤ ਰਾਮ ਉਦਾਸੀ ਤੱਕ

ਆਧੁਨਿਕ ਪੰਜਾਬੀ ਸਾਹਿਤ ਦਾ ਵਿਕਾਸ ਵੱਖ-ਵੱਖ ਸਾਹਿਤਕ ਰੁਝਾਨਾਂ, ਵਿਚਾਰਧਾਰਾਵਾਂ ਅਤੇ ਵਿਅਕਤੀਗਤ ਅਨੁਭਵਾਂ ਰਾਹੀਂ ਹੋਇਆ। ਭਾਈ ਵੀਰ ਸਿੰਘ ਨੇ ਕਵਿਤਾ, ਨਾਵਲ ਅਤੇ ਵਾਰਤਕ ਰਾਹੀਂ ਆਧੁਨਿਕ ਪੰਜਾਬੀ ਸਾਹਿਤ ਦੇ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾਈ। ਉਨ੍ਹਾਂ ਦੀ ਰਚਨਾ ਨੂੰ ਆਪਣੇ ਸਮੇਂ ਦੇ ਧਾਰਮਿਕ ਅਤੇ ਸੱਭਿਆਚਾਰਕ ਸੰਦਰਭਾਂ ਵਿੱਚ ਸਮਝਣਾ ਚਾਹੀਦਾ ਹੈ।

ਪ੍ਰੋ. ਮੋਹਨ ਸਿੰਘ ਨੇ ਆਧੁਨਿਕ ਪੰਜਾਬੀ ਕਵਿਤਾ ਨੂੰ ਨਵੇਂ ਵਿਸ਼ੇ, ਨਵੀਂ ਸੰਵੇਦਨਾ ਅਤੇ ਮਨੁੱਖੀ ਜੀਵਨ ਦੀਆਂ ਗੁੰਝਲਾਂ ਨੂੰ ਪ੍ਰਗਟ ਕਰਨ ਦੀ ਨਵੀਂ ਸ਼ੈਲੀ ਦਿੱਤੀ। ਸ਼ਿਵ ਕੁਮਾਰ ਬਟਾਲਵੀ ਨੇ ਪ੍ਰੇਮ, ਵਿਛੋੜੇ ਅਤੇ ਮਨੁੱਖੀ ਪੀੜ ਨੂੰ ਵਿਲੱਖਣ ਕਾਵਿ-ਆਵਾਜ਼ ਬਖ਼ਸ਼ੀ। ਸੰਤ ਰਾਮ ਉਦਾਸੀ ਦੀ ਕਵਿਤਾ ਵਿੱਚ ਮਿਹਨਤਕਸ਼ ਲੋਕਾਂ ਦੇ ਜੀਵਨ, ਸਮਾਜਿਕ ਅਸਮਾਨਤਾ ਅਤੇ ਬਰਾਬਰੀ ਦੀ ਲਾਲਸਾ ਵਰਗੇ ਵਿਸ਼ੇ ਪ੍ਰਮੁੱਖ ਹਨ।

ਇਨ੍ਹਾਂ ਲੇਖਕਾਂ ਦੀਆਂ ਸਾਹਿਤਕ ਦਿਸ਼ਾਵਾਂ ਵੱਖਰੀਆਂ ਸਨ। ਉਨ੍ਹਾਂ ਨੂੰ ਇੱਕੋ ਵਿਚਾਰਧਾਰਾ ਜਾਂ ਇੱਕੋ ਕਿਸਮ ਦੀ ਸਾਹਿਤਕ ਭੂਮਿਕਾ ਵਿੱਚ ਸਮੇਟਣਾ ਠੀਕ ਨਹੀਂ ਹੋਵੇਗਾ। ਪਰ ਇਹ ਗੱਲ ਸਾਂਝੀ ਹੈ ਕਿ ਉਨ੍ਹਾਂ ਨੇ ਪੰਜਾਬੀ ਨੂੰ ਵੱਖ-ਵੱਖ ਮਨੁੱਖੀ ਅਨੁਭਵਾਂ, ਭਾਵਨਾਵਾਂ ਅਤੇ ਸਮਾਜਿਕ ਹਾਲਾਤਾਂ ਨੂੰ ਪ੍ਰਗਟ ਕਰਨ ਦਾ ਸਮਰੱਥ ਮਾਧਿਅਮ ਬਣਾਇਆ।

ਪ੍ਰੋ. ਗੁਰਭਜਨ ਸਿੰਘ ਗਿੱਲ: ਸਮਕਾਲੀ ਪੰਜਾਬੀ ਸਾਹਿਤ ਅਤੇ ਸੱਭਿਆਚਾਰਕ ਸੰਵਾਦ

ਪ੍ਰੋ. ਗੁਰਭਜਨ ਸਿੰਘ ਗਿੱਲ ਸਮਕਾਲੀ ਪੰਜਾਬੀ ਕਵਿਤਾ ਅਤੇ ਸਾਹਿਤਕ ਸਰਗਰਮੀਆਂ ਨਾਲ ਜੁੜੀ ਪ੍ਰਮੁੱਖ ਸ਼ਖ਼ਸੀਅਤ ਹਨ। ਉਨ੍ਹਾਂ ਦਾ ਜ਼ਿਕਰ ਪੰਜਾਬੀ ਸਾਹਿਤ ਦੇ ਮੌਜੂਦਾ ਦੌਰ, ਸਾਹਿਤਕ ਸੰਵਾਦ ਅਤੇ ਭਾਸ਼ਾ ਪ੍ਰਤੀ ਸਮਰਪਣ ਦੇ ਸੰਦਰਭ ਵਿੱਚ ਕੀਤਾ ਜਾ ਸਕਦਾ ਹੈ।

1947 ਦੀ ਵੰਡ ਪੰਜਾਬ ਦੇ ਇਤਿਹਾਸ ਦੀ ਇੱਕ ਡੂੰਘੀ ਤ੍ਰਾਸਦੀ ਸੀ। ਇਸ ਨੇ ਪਰਿਵਾਰਾਂ, ਪਿੰਡਾਂ, ਰਿਸ਼ਤਿਆਂ ਅਤੇ ਸੱਭਿਆਚਾਰਕ ਜੀਵਨ ਨੂੰ ਪ੍ਰਭਾਵਿਤ ਕੀਤਾ। ਇਸ ਦੇ ਬਾਵਜੂਦ ਚੜ੍ਹਦੇ ਅਤੇ ਲਹਿੰਦੇ ਪੰਜਾਬ ਵਿਚਕਾਰ ਪੰਜਾਬੀ ਭਾਸ਼ਾ, ਲੋਕ-ਗੀਤਾਂ, ਕਿੱਸਿਆਂ ਅਤੇ ਕਾਵਿ-ਪਰੰਪਰਾਵਾਂ ਦੇ ਰਿਸ਼ਤੇ ਬਣੇ ਰਹੇ।

ਪੰਜਾਬੀ ਲੇਖਕਾਂ ਦੀ ਜ਼ਿੰਮੇਵਾਰੀ ਹੈ ਕਿ ਉਹ ਵੰਡ ਦੀ ਯਾਦ ਨੂੰ ਸਿਰਫ਼ ਸਿਆਸੀ ਬਹਿਸ ਤੱਕ ਸੀਮਿਤ ਨਾ ਰੱਖਣ, ਸਗੋਂ ਉਸ ਦੇ ਮਨੁੱਖੀ ਅਨੁਭਵਾਂ ਨੂੰ ਵੀ ਸਮਝਣ। ਪ੍ਰੋ. ਗੁਰਭਜਨ ਸਿੰਘ ਗਿੱਲ ਵਰਗੇ ਸਮਕਾਲੀ ਸਾਹਿਤਕਾਰਾਂ ਦਾ ਜ਼ਿਕਰ ਇਸ ਵਿਆਪਕ ਸੱਭਿਆਚਾਰਕ ਸੰਵਾਦ ਦੇ ਸੰਦਰਭ ਵਿੱਚ ਕੀਤਾ ਜਾ ਸਕਦਾ ਹੈ। ਉਨ੍ਹਾਂ ਬਾਰੇ ਕਿਸੇ ਖ਼ਾਸ ਸਾਹਿਤਕ ਦਾਅਵੇ ਨੂੰ ਹੋਰ ਮਜ਼ਬੂਤ ਬਣਾਉਣ ਲਈ ਉਨ੍ਹਾਂ ਦੀਆਂ ਖ਼ਾਸ ਰਚਨਾਵਾਂ, ਸਾਹਿਤਕ ਪਹਿਲਕਦਮੀਆਂ ਜਾਂ ਪ੍ਰਕਾਸ਼ਿਤ ਬਿਆਨਾਂ ਦੇ ਹਵਾਲੇ ਸ਼ਾਮਲ ਕੀਤੇ ਜਾ ਸਕਦੇ ਹਨ।

ਮਾਂ-ਬੋਲੀ ਦੀ ਰਾਖੀ: ਇਤਿਹਾਸਕ ਸੂਝ ਅਤੇ ਅੱਜ ਦੀ ਜ਼ਿੰਮੇਵਾਰੀ

ਪੰਜਾਬੀ ਦੀ ਸੇਵਾ ਦਾ ਅਰਥ ਕਿਸੇ ਹੋਰ ਭਾਸ਼ਾ ਨਾਲ ਵਿਰੋਧ ਕਰਨਾ ਨਹੀਂ। ਹੋਰ ਭਾਸ਼ਾਵਾਂ ਸਿੱਖਣਾ ਗਿਆਨ ਅਤੇ ਸੰਚਾਰ ਦੇ ਨਵੇਂ ਰਸਤੇ ਖੋਲ੍ਹਦਾ ਹੈ, ਪਰ ਮਾਂ-ਬੋਲੀ ਨੂੰ ਅਣਡਿੱਠਾ ਕਰਨਾ ਆਪਣੀ ਸੱਭਿਆਚਾਰਕ ਵਿਰਾਸਤ ਨਾਲੋਂ ਦੂਰੀ ਪੈਦਾ ਕਰ ਸਕਦਾ ਹੈ। ਘਰਾਂ ਵਿੱਚ ਪੰਜਾਬੀ ਬੋਲਣੀ, ਬੱਚਿਆਂ ਨੂੰ ਪੰਜਾਬੀ ਪੜ੍ਹਨ ਲਈ ਉਤਸ਼ਾਹਿਤ ਕਰਨਾ, ਸਕੂਲਾਂ ਵਿੱਚ ਇਸ ਦੀ ਸਿੱਖਿਆ ਨੂੰ ਮਜ਼ਬੂਤ ਕਰਨਾ ਅਤੇ ਡਿਜ਼ਿਟਲ ਮਾਧਿਅਮਾਂ ’ਤੇ ਵਧੀਆ ਪੰਜਾਬੀ ਸਮੱਗਰੀ ਤਿਆਰ ਕਰਨਾ ਇਸ ਦੀ ਵਰਤੋਂ ਨੂੰ ਅੱਗੇ ਵਧਾਉਣ ਦੇ ਅਮਲੀ ਤਰੀਕੇ ਹਨ।

ਇਸ ਦੇ ਨਾਲ ਹੀ ਪੰਜਾਬੀ ਦੇ ਇਤਿਹਾਸ ਨੂੰ ਸਹੀ ਤਰੀਕੇ ਨਾਲ ਪੜ੍ਹਨਾ ਵੀ ਮਾਂ-ਬੋਲੀ ਦੀ ਸੇਵਾ ਹੈ। ਜਿੱਥੇ ਪ੍ਰਮਾਣਿਤ ਤੱਥ ਹਨ, ਉਨ੍ਹਾਂ ਨੂੰ ਤੱਥਾਂ ਵਜੋਂ ਪੇਸ਼ ਕੀਤਾ ਜਾਵੇ; ਜਿੱਥੇ ਧਾਰਮਿਕ ਜਾਂ ਲੋਕ-ਪਰੰਪਰਾ ਹੈ, ਉੱਥੇ ਉਸ ਦੀ ਪਛਾਣ ਸਪੱਸ਼ਟ ਕੀਤੀ ਜਾਵੇ; ਅਤੇ ਜਿੱਥੇ ਇਤਿਹਾਸਕਾਰਾਂ ਵਿੱਚ ਮਤਭੇਦ ਹਨ, ਉੱਥੇ ਉਨ੍ਹਾਂ ਦਾ ਜ਼ਿਕਰ ਕੀਤਾ ਜਾਵੇ। ਇਸ ਨਾਲ ਕਿਸੇ ਭਾਈਚਾਰੇ ਦੀ ਆਸਥਾ ਦਾ ਅਪਮਾਨ ਨਹੀਂ ਹੁੰਦਾ, ਸਗੋਂ ਇਤਿਹਾਸ ਅਤੇ ਪਰੰਪਰਾ ਦੋਵਾਂ ਨੂੰ ਉਨ੍ਹਾਂ ਦੇ ਸਹੀ ਸੰਦਰਭ ਵਿੱਚ ਸਮਝਣ ਦਾ ਮੌਕਾ ਮਿਲਦਾ ਹੈ।

ਪੰਜਾਬੀ ਸਾਡੀ ਸਾਂਝੀ ਵਿਰਾਸਤ ਹੈ, ਪਰ ਇਸ ਦੀ ਸਾਂਝ ਸਾਬਤ ਕਰਨ ਲਈ ਇਤਿਹਾਸ ਨੂੰ ਵਧਾ-ਚੜ੍ਹਾ ਕੇ ਪੇਸ਼ ਕਰਨ ਦੀ ਲੋੜ ਨਹੀਂ। ਗੁਰੂ ਨਾਨਕ ਦੇਵ ਜੀ ਦੀ ਬਾਣੀ, ਭਾਈ ਮਰਦਾਨਾ ਦੀ ਰਬਾਬ, ਗੁਰੂ ਗ੍ਰੰਥ ਸਾਹਿਬ ਵਿੱਚ ਸੰਭਾਲੀ ਭਗਤ ਬਾਣੀ, ਪੰਜਾਬੀ ਛਪਾਈ ਦਾ ਇਤਿਹਾਸ, ਭਗਤ ਸਿੰਘ ਦੀ ਸਮਾਜਿਕ ਚੇਤਨਾ ਅਤੇ ਵੱਖ-ਵੱਖ ਦੌਰਾਂ ਦੇ ਕਵੀਆਂ ਦੀ ਰਚਨਾ—ਇਹ ਸਾਰੇ ਆਪਣੇ-ਆਪਣੇ ਸੰਦਰਭ ਵਿੱਚ ਪੰਜਾਬੀ ਦੇ ਬਹੁਪੱਖੀ ਸੰਸਾਰ ਨੂੰ ਸਮਝਣ ਵਿੱਚ ਮਦਦ ਕਰਦੇ ਹਨ।

ਸਾਡਾ ਉਦੇਸ਼ ਕਿਸੇ ਇੱਕ ਧਰਮ ਨੂੰ ਪੰਜਾਬੀ ਦਾ ਮਾਲਕ ਸਾਬਤ ਕਰਨਾ ਨਹੀਂ ਹੋਣਾ ਚਾਹੀਦਾ। ਸਾਡਾ ਉਦੇਸ਼ ਇਹ ਸਮਝਣਾ ਹੋਣਾ ਚਾਹੀਦਾ ਹੈ ਕਿ ਕਿਵੇਂ ਵੱਖ-ਵੱਖ ਲੋਕਾਂ, ਪਰੰਪਰਾਵਾਂ ਅਤੇ ਇਤਿਹਾਸਕ ਹਾਲਾਤਾਂ ਨੇ ਪੰਜਾਬੀ ਨੂੰ ਅੱਜ ਦੇ ਰੂਪ ਤੱਕ ਪਹੁੰਚਾਉਣ ਵਿੱਚ ਆਪਣੀ ਭੂਮਿਕਾ ਨਿਭਾਈ।

ਪੰਜਾਬੀ ਦੀ ਅਸਲ ਤਾਕਤ ਇਸ ਦੀ ਸਾਂਝ, ਇਸ ਦੀ ਸਾਹਿਤਕ ਵਿਭਿੰਨਤਾ ਅਤੇ ਲੋਕਾਂ ਦੇ ਜੀਵਨ ਨਾਲ ਇਸ ਦੇ ਡੂੰਘੇ ਰਿਸ਼ਤੇ ਵਿੱਚ ਹੈ। ਇਸ ਨੂੰ ਸੰਭਾਲਣਾ ਸਿਰਫ਼ ਇੱਕ ਭਾਸ਼ਾ ਦੀ ਰਾਖੀ ਨਹੀਂ, ਸਗੋਂ ਪੰਜਾਬ ਦੀ ਇਤਿਹਾਸਕ ਯਾਦ, ਸੱਭਿਆਚਾਰਕ ਵਿਰਾਸਤ ਅਤੇ ਆਉਣ ਵਾਲੀਆਂ ਪੀੜ੍ਹੀਆਂ ਨਾਲ ਆਪਣਾ ਰਿਸ਼ਤਾ ਕਾਇਮ ਰੱਖਣਾ ਵੀ ਹੈ। ਸੰਸਾਰ ਭਰ ਚ ਬੈਠੇ ਪੰਜਾਬੀ ਆਪਣੀ ਹੋਂਦ ਦਰਸਾਉਂਦੇ ਹੋਏ ਬੜੇ ਪਿਆਰ ਨਾਲ ਅੰਗਰੇਜ਼ੀ, ਫਰੈਚ ਤੇ ਹੋਰ ਬਹੁਤ ਭਾਸ਼ਾਵਾਂ ਸਿੱਖਦੇ ਹਨ ਪਰ ਮੈਂ ਬਾਹਰਲੇ ਮੁਲਕਾਂ ਚ ਦੇਖਿਆ ਬਹੁਤੇ ਪੰਜਾਬੀ ਘਰੇ ਪੰਜਾਬੀ ਹੀ ਬੋਲਦੇ ਨੇ ਤੇ ਬੱਚਿਆਂ ਨੂੰ ਆਪਣਾ ਸੱਭਿਆਚਾਰ ਤੇ ਰਿਸ਼ਤੇ ਨਾਤੇ ਬਾਰੇ

ਵੀਡੀਓ ਕਾਲ ਤੇ ਆਪਣੀਆਂ ਦਾਦੇ- ਦਾਦੀ, ਜਾਂ ਨਾਨੇ -ਨਾਨੀ

ਜਾਂ ਪੰਜਾਬ ਚ ਵਸਦੇ ਉਹਨਾਂ ਦੇ ਜੁੜਨ ਵਾਲੇ ਪੰਜਾਬੀ ਚ ਹੀ ਗੱਲ ਕਰਦੇ ਹਨ। ਕੁਝ ਲੋਕ ਉਥੇ ਆਪਣੇ ਬੱਚਿਆਂ ਨੂੰ ਪੰਜਾਬੀ ਜਮਾਤ ਲਾਉਣ ਭੇਜਦੇ ਹਨ।

ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਦਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ

वेरका मिल्क प्लांट अमृतसर का GST घोटाला सामने आया

अधिकारियों ने लापरवाही के कारण बिना मंज़ूरी के रातों-रात 2.50 करोड़ से ज़्यादा GST, ब्याज और पेनल्टी जमा कर दी

देश विदेश न्यूज़

अमृतसर, 29 मई : वेरका मिल्क प्लांट अमृतसर में ढाई करोड़ रुपये से ज़्यादा का GST घोटाला सामने आया है। मिली रिपोर्ट्स के मुताबिक, वेरका मिल्क प्लांट अमृतसर से साल 2017 से 2020 तक का GST सरकार को जमा नहीं किया गया था, लेकिन जब साल 2023 में GST डिपार्टमेंट की रेड के दौरान यह गड़बड़ी सामने आई, तो डिपार्टमेंट के अधिकारियों ने इतनी बड़ी रकम चुपचाप रातों-रात जमा करके अपनी नाकामी छिपाने की कोशिश की। इस बारे में एडवोकेट भगवान दास ने पंजाब के मुख्यमंत्री, फाइनेंस मिनिस्टर, कोऑपरेशन डिपार्टमेंट के सेक्रेटरी श्री अजीत बालाजी जोशी IAS को रेगुलर शिकायत भेजी है और इसकी हाई-लेवल जांच की मांग की है। भगवान दास ने इस दौरान वेरका मिल्क प्लांट अमृतसर में तैनात GM संजीव शर्मा पर सीधा आरोप लगाते हुए, अब मौजूदा GM वेरका जालंधर के जनरल मैनेजर संजीव शर्मा के खिलाफ डिपार्टमेंटल एक्शन की मांग की है। शिकायतकर्ता ने आरोप लगाया कि इन सालों में, उक्त जनरल मैनेजर संजीव शर्मा ने प्लांट को प्रॉफिट दिखाने के इरादे से GST जमा नहीं किया और सरकार के ध्यान में आने के बाद, GST डिपार्टमेंट ने जुलाई 2017 से मार्च 2020 तक तीन साल का क्यूमुलेटिव ऑडिट किया, फिर प्लांट को GST रकम के अलावा इंटरेस्ट और पेनल्टी जमा करने का नोटिस भेजा गया। उक्त नोटिस के बाद, मौके पर मौजूद अधिकारियों ने अपने चहेते अधिकारियों को बचाने के लिए, बोर्ड की मंजूरी लिए बिना ही रातों-रात पूरी रकम जमा कर दी।गौरतलब है कि इन सालों में मिल्क प्लांट अमृतसर द्वारा सप्लाई किए गए बल्क मिल्क कूलर, कंप्यूटर यूनिट और रेफ्रिजरेटर पर बकाया टैक्स नहीं दिया गया और इसके अलावा, इस्तेमाल किए गए कोयले, दही और खीर के प्यालों पर इनपुट टैक्स के फायदे में 1 करोड़ निन्यानवे लाख सात सौ इकसठ रुपये की गड़बड़ी की गई। सेंट्रल GST डिपार्टमेंट ने मिल्क प्लांट अमृतसर को मिल्क प्लांट का GST अमाउंट 77,98,476 रुपये, इंटरेस्ट और पेनल्टी के साथ जमा करने के ऑर्डर दिए हैं। शर्म की बात है कि उस समय नियुक्त अधिकारियों ने संजीव शर्मा GM को बचाने के लिए यह पूरी रकम बिना अप्रूवल के जमा कर दी। शिकायतकर्ता ने आरोपी अधिकारी संजीव शर्मा और दूसरे अधिकारियों के खिलाफ केस करने की अपील की है, जिन्होंने अपने फायदे के लिए बिना अप्रूवल के यह रकम जमा की, जिससे मिल्क प्लांट को नुकसान हुआ।



जीएम संजीव शर्मा के खिलाफ कार्रवाई की मांग

ਵਰਲਡ ਪੰਜਾਬੀ ਟਾਈਮਜ਼
WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ

Epaper World Punjabi Times 03 ਜਨਵਰੀ 2026 ਦਿਨ ਸ਼ਨੀਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼



Savitribai Phule

India's First Female Teacher

ਅਦਾਰਾ "ਵਰਲਡ ਪੰਜਾਬੀ ਟਾਈਮਜ਼" ਕ੍ਰਾਂਤੀਕਾਰੀ ਸਮਾਜ ਸੁਧਾਰਕ ਅਤੇ ਦੇਸ਼ ਦੀ ਪਹਿਲੀ ਮਹਿਲਾ ਅਧਿਆਪਕ ਨੂੰ ਨਮਨ ਕਰਦਾ ਹੈ ।

ਉਨਾਂ ਨੂੰ ਜਿਵੇ ਮੈਦੇ ਛੱਪੜਾਂ ਦੇ ਪਾਲੀ ਵੀ ਭੇਬਟ ਗੇ,

ਜਿਨਾਂ ਨੇ ਖਾਲੀ ਪੇਟ ਤਰ ਕੇ ਦਰਿਆ ਪਾਰ ਕੀਤੇ ਨੇ.....!



ਵੇਰਕਾ ਮਿਲਕ ਪਲਾਂਟ ਅੰਮ੍ਰਿਤਸਰ ਦਾ ਜੀ ਐਸ ਟੀ ਘੁਟਾਲਾ ਹੋਇਆ ਬੇਨਕਾਬ